ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥


# ਖ਼ਾਲਸਾ ਅਖ਼ਬਾਰ

੦੬ ਮਾਘ ਸੰਨ ੨੦੨੬ Monday, 19 January

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਗਰੀਬੀ



ਭਗਤ ਪੂਰਨ ਸਿੰਘ
(ਬਾਨੀ ਪਿੰਗਲਵਾੜਾ, ਅੰਮ੍ਰਿਤਸਰ)

ਦੇਸ਼ ਦੀ ਗਰੀਬੀ ਨੂੰ ਵਧਾ ਰਿਹਾ ਹੈ ਉਹ ਬੰਦਾ ਜਿਹੜਾ ਆਰਾਮ ਤਲਬੀ ਲਈ ਜਾਂ ਆਪਣੇ ਸੁਭਾਉ ਜਾਂ ਰੋਜ਼ ਦੀ ਆਦਤ ਅਨੁਸਾਰ, ਇਸ ਲਈ ਆਪਣੇ ਘਰੋਂ ਆਪਣੇ ਦਫਤਰ ਨੂੰ ਜਾਣ ਜਾਂ ਮੀਲ ਡੇਢ ਮੀਲ ਕਿਸੇ ਕੰਮ ਨੂੰ ਜਾਣ ਲਈ ਇਸ ਲਈ ਮੋਟਰ-ਸਾਈਕਲ ਜਾਂ ਮੋਟਰਕਾਰ 'ਤੇ ਜਾਂਦਾ ਹੈ ਕਿਉਂਕਿ ਉਸ ਪਾਸ ਮੋਟਰ-ਸਾਈਕਲ ਜਾਂ ਮੋਟਰਕਾਰ ਹੈ ਤੇ ਆਪਣੇ ਮੋਟਰਸਾਈਕਲ ਤੇ ਮੋਟਰਕਾਰ ਦੇ ਪੈਟਰੋਲ ਲਈ ਉਸ ਪਾਸ ਪੈਸੇ ਵੀ ਹਨ। ਇਸ ਲਈ ਉਹ ਡੇਢ-ਦੋ ਮੀਲ ਦਾ ਪੈਂਡਾ ਪੈਦਲ ਤੁਰ ਕੇ ਕਿਉਂ ਕਰੇ ਜਾਂ ਉਸ ਪੈਂਡੇ ਨੂੰ ਸਾਈਕਲ 'ਤੇ ਕਿਉਂ ਕਰੇ?ਯਾਦ ਰੱਖੋ! ਦੇਸ਼ ਦੀ ਗਰੀਬੀ ਦੀ ਚਿੰਤਾ ਹਰ ਇਕ ਜਣੇ ਨੇ ਕਰਨੀ ਹੁੰਦੀ ਹੈ। ਇਹ ਸੋਚਣਾ ਹੁੰਦਾ ਹੈ ਕਿ ਗਰੀਬੀ ਨੂੰ ਘਟਾਉਣ ਲਈ ਉਹ ਕਿਹੜਾ ਖਰਚ ਕਰਨ ਤੋਂ ਬਚੇ, ਜਿਸ ਤੋਂ ਬਿਨ੍ਹਾਂ ਗੁਜ਼ਾਰਾ ਹੋ ਸਕਦਾ ਹੋਵੇ। ਖਰਚਾਂ ਨੂੰ ਹੋਰਨਾਂ ਦੀ ਦੇਖਾ ਦੇਖੀ ਬਿਨ੍ਹਾਂ ਲੋੜ ਤੋਂ ਕੇਵਲ ਆਪਣਾ ਵਡੱਪਣ ਪ੍ਰਗਟ ਕਰਨ ਲਈ ਵਧਾਈ ਜਾਣਾ ਤੇ ਉਨ੍ਹਾਂ ਖਰਚਾਂ ਲਈ ਪੈਸਾ, ਮਿਲਾਵਟਾਂ, ਰਿਸ਼ਵਤਾਂ, ਚੋਰ-ਬਾਜ਼ਾਰੀਆਂ, ਮੁਨਾਫਾਖੋਰੀਆਂ ਤੇ ਅਨੇਕ ਪ੍ਰਕਾਰ ਦੀਆਂ ਹੋਰਨਾਂ ਬੇਈਮਾਨੀਆਂ ਨਾਲ ਕਮਾਈ ਜਾਣਾ, ਦੇਸ਼ ਨੂੰ ਤਬਾਹ ਕਰਨ ਦੇ ਰਾਹ 'ਤੇ ਤੁਰਨਾ ਹੁੰਦਾ ਹੈ।ਦੇਸ਼ ਵਿੱਚ ਸੌ ਵਿੱਚੋਂ ਪੰਜਾਹ ਤੋਂ ਵੱਧ ਬੰਦੇ ਗਰੀਬੀ ਤੋਂ ਹੇਠਾਂ ਦੀ ਪੱਧਰ ਦੇ ਹਨ। ਜਿਹੜਾ ਬੰਦਾ ਦੇਸ਼ ਦੀ ਗਰੀਬੀ ਦੀ ਇਸ ਹਾਲਤ ਦਾ ਫਿਕਰ ਨਹੀਂ ਕਰ ਰਿਹਾ, ਉਹ ਆਪਣੇ ਆਪ ਨੂੰ ਮਹਾਂਮੂਰਖ ਸਾਬਤ ਕਰ ਰਿਹਾ ਹੈ। ਦੇਸ਼ ਦੀ ਸ਼ਾਂਤੀ ਨੂੰ ਬਣਾਈ ਰੱਖਣ ਲਈ ਜਿਹੜਾ ਆਦਮੀ ਮੋਟਰਸਾਈਕਲ ਜਾਂ ਮੋਟਰਕਾਰ ਦਾ ਦਿਖਾਵਾ ਛੱਡਣ ਲਈ ਤਿਆਰ ਨਹੀਂ, ਉਹ ਆਪਣੇ ਆਪ ਤੇਆਪਣੇ ਪਰਿਵਾਰ ਦਾ ਭਲਾ ਸੋਚਣ ਵਾਸਤੇ ਤਿਆਰ ਨਹੀਂ ਹੋ ਰਿਹਾ।ਉਹ ਸੋਚ ਲਵੇ ਕਿ ਅਜਿਹਾ ਕਰਦਾ ਹੋਇਆ ਉਹ ਆਪਣੇ ਪਰਿਵਾਰ ਦਾ ਵੀ ਵੈਰੀ ਸਾਬਤ ਹੋ ਰਿਹਾ ਹੈ। ਹਰ ਗ੍ਰਿਹਸਤੀ ਨੇ ਜਿਸ ਗੱਲ ਨੂੰ ਸਭ ਤੋਂ ਪਹਿਲ ਦੇਣੀ ਹੁੰਦੀ ਹੈ, ਉਹ ਦੇਸ਼ ਦੀ ਗਰੀਬੀ ਦੂਰ ਕਰਨ ਬਾਰੇ ਸੋਚਣਾ ਹੁੰਦਾ ਹੈ। ਜਿਹੜੇ ਲੋਕ ਦੇਸ਼ ਦੀ ਸੁਤੰਤਰਤਾ ਲਈ ਸ਼ਹੀਦੀਆਂ ਪਾ ਗਏ ਹੁੰਦੇ ਹਨ, ਉਹ ਦੁੰਬੇ ਨਹੀਂ ਹੁੰਦੇ? ਉਹ ਕੁਰਬਾਨੀਆਂ ਦੀ ਵੱਡੀ ਡਿੰਘ ਪੁੱਟ ਕੇ ਗਏ ਹੁੰਦੇ ਹਨ। ਛੋਟੀ ਡਿੰਘ ਤਾਂ ਹਰ ਇਕ ਨੇ ਪੁੱਟਣੀ ਹੁੰਦੀ ਹੈ। ਪਰ ਵਡਿਆਈ ਉਨ੍ਹਾਂ ਦੀ ਹੀ ਹੁੰਦੀ ਹੈ, ਜੋ ਵੱਡੀ ਡਿੰਘ ਪੁੱਟਦੇ ਹਨ। ਮੋਟਰਸਾਈਕਲ ਤੇ ਮੋਟਰਕਾਰ ਦੀ ਸਵਾਰੀ ਨੂੰ ਵਡੱਪਣ ਦੇ ਪ੍ਰਗਟਾਵੇ ਵਜੋਂ ਛੱਡ ਕੇ ਬੰਦਾ ਜੇਕਰ ਸਾਈਕਲ ਨੂੰ ਵਰਤਣ ਲੱਗ ਪਵੇ ਤਾਂ ਇਹ ਉਸ ਦੀ ਦੇਸ਼ ਲਈ ਕੁਰਬਾਨੀ ਦੀ ਛੋਟੀ ਡਿੰਘ ਹੋਵੇਗੀ। ਜਿਹੜਾ ਛੋਟੀਆਂ ਡਿੰਘਾਂ ਪੁੱਟਣ ਤੋਂ ਸੰਕੋਚ ਕਰਦਾ ਹੈ, ਉਹ ਦੇਸ਼ ਲਈ ਸ਼ਹੀਦ ਹੋਣ ਵਾਲਿਆਂ ਨੂੰ ਕੁਰਬਾਨੀ ਦੇ ਦੁੰਬ ਸਮਝਦਾ ਹੈ।ਦੇਸ਼ ਲਈ ਸ਼ਹੀਦ ਹੋਣ ਵਾਲੇ ਬੰਦਿਆਂ ਦਾ ਮੁੱਲ ਅਮਰੀਕਾ ਦੇ ਸੰਸਾਰ ਪ੍ਰਸਿੱਧ ਪ੍ਰਧਾਨ ਅਬਰਾਹਿੰਮ ਲਿੰਕਨ ਨੇ ਪਾਇਆ ਹੈ।ਅਮਰੀਕਾ ਦੀ ਸੁਤੰਤਰਤਾ ਲਈ ਜਿਹੜੇ ਬੰਦੇ ਸ਼ਹੀਦ ਹੋਏ ਸਨ, ਉਹਨਾਂ ਦਾ ਸਾਂਝਾ ਸ਼ਹੀਦੀ-ਅਸਥਾਨ (ਕਬਰਸਤਾਨ) ਅਮਰੀਕਾ ਦੇ ਗੈਟਸ਼ ਬਰਗ ਦੇ ਥਾਂ 'ਤੇ ਬਣਿਆ ਸੀ। ਉਸ ਦਾ ਉਦਘਾਟਨ ਕਰਦਿਆਂ ਹੋਇਆਂ ਸ੍ਰੀ ਅਬਰਾਹਿੰਮ ਲਿੰਕਨ ਨੇ ਸੰਸਾਰ ਦੇ ਇਤਿਹਾਸ ਵਿੱਚ ਚੰਨ ਸੂਰਜ ਵਾਂਙੂ ਚਮਕਦੇ ਰਹਿਣ ਵਾਲੇ ਹੇਠ ਲਿਖੇ ਸ਼ਬਦ ਕਹੇ ਸਨ : "ਸ਼ਹੀਦੋ! ਅਸੀਂ ਤੁਹਾਨੂੰ ਵਿਸ਼ਵਾਸ ਦਵਾਉਂਦੇ ਹਾਂ ਕਿ ਤੁਹਾਡੀਆਂ ਸ਼ਹੀਦੀਆਂ ਸਾਨੂੰ ਕਦੀ ਭੁੱਲਣਗੀਆਂ ਨਹੀਂ, ਉਹ ਸਦਾ ਸਾਡੀਆਂ ਅੱਖਾਂ ਅੱਗੇ ਰਹਿਣਗੀਆਂ'', 'ਜਨਤਾ ਦੀ ਹਕੂਮਤ-ਜਨਤਾ ਲਈ ਹਕੂਮਤ-ਜਨਤਾ ਵੱਲੋਂ ਕੀਤੀ ਜਾ ਰਹੀ ਹਕੂਮਤ,ਸਾਡਾ ਰਾਜ ਕਰਨ ਦਾ ਇਕੋ ਇਕ ਨਿਸ਼ਾਨਾ ਰਹੇਗਾ।'ਦੇਸ਼ ਵਾਸੀਓ! ਗਰੀਬੀ ਦਾ ਖਤਰਾ ਬਹੁਤ ਵੱਧ ਗਿਆ ਹੈ।ਭਾਰਤ ਵਿੱਚ ਅਜੇ ਅੰਗਰੇਜ਼ ਦੀ ਰੂਹ ਬਾਕੀ ਹੈ। ਹੁਣ ਕਾਲੀ ਚਮੜੀ ਵਾਲੇ ਹੀ ਅੰਗਰੇਜ਼ ਬਣ ਚੁੱਕੇ ਹਨ। ਉਹਨਾਂ ਨੇ ਆਪਣੇ ਰਹਿਣ-ਸਹਿਣ ਦੇ ਢੰਗ ਦੇਸ਼ ਦੀ ਜਨਤਾ ਦੀ ਪੱਧਰ ਤੋਂ ਉੱਤੇ ਰਹਿ ਕੇ ਉਸੇ ਤਰ੍ਹਾਂ ਬਣਾਏ ਹੋਏ ਹਨ, ਜਿਸ ਤਰ੍ਹਾਂ ਅੰਗਰੇਜ਼ਾਂ ਨੇ ਬਣਾਏ ਹੋਏ ਸਨ।ਬੜੀਆਂ ਬੜੀਆਂ ਕੋਠੀਆਂ ਵਿੱਚ ਰਹਿਣਾ, ਮੋਟਰਕਾਰ ਤੋਂ ਬਿਨਾਂ ਆਪਣੇ ਘਰੋਂ ਨਿਕਲਣਾ ਸ਼ਰਮ ਦੀ ਗੱਲ ਗਿਣਨਾ, ਖਾਣਾ-ਪੀਣਾ, ਪਹਿਨਣਾ ਸਭ ਬਦੇਸ਼ੀ ਅੰਗਰੇਜ਼ਾਂ ਵਾਲਾ ਹੈ। ਉਹ ਗਰੀਬ ਜਨਤਾ ਨਾਲ ਆਪਣਾ ਮਨ ਨਹੀਂ ਮੇਲ ਰਹੇ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਉੱਚੇ ਵਰਗ ਦੇ ਲੋਕਾਂ ਦਾ ਨੀਵੇਂ ਵਰਗ ਦੇ ਲੋਕਾਂ ਨਾਲ ਕੋਈ ਹਾਰਦਿਕ ਸੰਪਰਕ ਨਾ ਰਹਿ ਜਾਏ ਤਾਂ ਉਸ ਦੇਸ਼ ਵਿੱਚ ਖੂਨੀ ਕ੍ਰਾਂਤੀ ਆਇਆ ਕਰਦੀ ਹੈ। ਇਸ ਵੇਲੇ ਸਭ ਤੋਂ ਵੱਡਾ ਪ੍ਰਸ਼ਨ ਹਿੰਦੁਸਤਾਨ ਦੇ ਪਰਜਾਤੰਤਰ ਨੂੰ ਬਚਾਉਣ ਦਾ ਹੈ। ਜੇ ਤੁਸੀਂ ਇਹ ਪਰਜਾਤੰਤਰ ਸੰਭਾਲ ਕੇ ਨਾ ਰੱਖਿਆ ਤਾਂ ਹਿੰਦੁਸਤਾਨ ਦਾ ਵੱਡਮੁੱਲਾ ਵਿਰਸਾ (ਹਿੰਦੁਸਤਾਨ ਦੇ ਧਰਮ ਗ੍ਰੰਥ-ਸ੍ਰੀ ਗੁਰੂ ਗ੍ਰੰਥ ਸਾਹਿਬ, ਗੀਤਾ, ਉਪਨਿਸ਼ਦ ਆਦਿ) ਤੇ ਮਹਾਂ ਪੁਰਸ਼ਾਂ ਦੇ ਇਤਿਹਾਸ ਸਭ ਤੁਹਾਨੂੰ ਸਰਾਪ ਦੇਣਗੇ। ਜਿਸ ਤਰ੍ਹਾਂ ਆਪਣੇ ਉਚੇਰੇ ਅਧਿਕਾਰ ਮਾਣਦੇ ਹੋਏ, ਤੁਸੀਂ ਗਰੀਬਾਂ ਦੀ ਹਾਲਤ ਵੱਲੋਂ ਅੱਖੀਆਂ ਮੂੰਦ ਰਹੇ ਹੋ, ਜੀਵਨ ਚਾਲ ਦੁਆਰਾ ਤੁਸੀਂ ਆਪਣੇ ਧਰਮ ਗ੍ਰੰਥਾਂ ਦੇ ਵਿਰਸੇ ਵੱਲੋਂ ਪਿੱਠ ਫੇਰ ਰਹੇ ਹੋ ਤਾਂ ਅਵੱਸ਼ ਹੀ ਤੁਸੀਂ ਆਪਣੇ ਧਾਰਮਿਕ ਗਿਆਨ ਦਾ ਵਿਰਸਾ ਗੁਆ ਬੈਠੋਗੇ।ਖੂਨੀ ਕ੍ਰਾਂਤੀ ਤੋਂ ਬਚਣ ਲਈ ਮੋਟਰ-ਸਾਈਕਲਾਂ ਤੇਮੋਟਰਕਾਰਾਂ ਨੂੰ ਛੱਡ ਕੇ ਸਾਈਕਲਾਂ 'ਤੇ ਜਾਣਾ, ਸਿਆਲ ਵਿੱਚ ਹੀਟਰ ਨਾ ਵਰਤਣੇ, ਗਰਮੀਆਂ ਵਿੱਚ ਫਰਿੱਜਾਂ, ਕੂਲਰਾਂ ਅਤੇ ਏਅਰ-ਕੰਡੀਸ਼ਨਰਾਂ ਆਦਿ ਦੀ ਵਰਤੋਂ ਨਾ ਕਰਨੀ ਛੋਟੀਆਂ ਕੁਰਬਾਨੀਆਂ ਹਨ ਪਰ ਇਨ੍ਹਾਂ ਦੇ ਨਤੀਜੇ ਬੜੇ ਵੱਡੇ ਹਨ।ਮਹਾਨ ਫਿਲਾਸਫਰ ਵਿਲੀਅਮ ਪੈਨ ਦਾ ਕਥਨ ਹੈ-Men must choose to be governed by God or they condemn themselves to be ruled by tyrants-William Pen. ਅਰਥਾਤ-ਮਨੁੱਖਾਂ ਨੂੰ ਰੱਬ ਦੇ ਰਾਜ ਵਿੱਚ ਹੋ ਜਾਣ ਦੀ ਚੋਣ ਕਰਨੀ ਪਵੇਗੀ, ਨਹੀਂ ਤਾਂ ਉਹ ਆਪਣੇ ਆਪ ਨੂੰ ਨਖਿੱਧ ਸਾਬਤ ਕਰਕੇ ਜਾਬਰਾਂ ਦੇ ਰਾਜ ਹੇਠ ਪਏ ਹੋਣਗੇ।ਪਰਜਾਤੰਤਰ ਨੂੰ ਬਚਾਉਣ ਦਾ ਰਾਹ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੱਸ ਗਏ ਹਨ, ਜਿਨ੍ਹਾਂ ਨੇ ਜਗਤ ਗੁਰੂ ਦੀ ਪਦਵੀ ਪ੍ਰਾਪਤ ਕਰਕੇ ਵੀ 53 ਸਾਲਾਂ ਦੀ ਉਮਰ ਵਿੱਚ ਖੇਤੀ ਕੀਤੀ ਤੇ ਜਿਨ੍ਹਾਂ ਨੂੰ ਖੇਤੀ ਦਾ ਕਿੱਤਾ ਕਰਦਿਆਂ ਫਸਲਾਂ/ਅਨਾਜ ਆਦਿ ਸਿਰ 'ਤੇ ਚੁੱਕਣਾ ਪਿਆ ਤੇ 70 ਸਾਲ ਦੀ ਉਮਰ ਤੱਕ ਉਹ ਇਸ ਕੰਮ ਵਿੱਚ ਲੱਗੇ ਰਹੇ।ਵਰਤਮਾਨ ਕਾਲ ਵਿੱਚ ਪੜ੍ਹੇ ਲਿਖੇ ਤੇ ਉੱਚੇ ਵਰਗ ਦੇ ਹਰ ਸ਼੍ਰੇਣੀ ਦੇ ਬੰਦਿਆਂ ਵਿੱਚ ਤਿੰਨ ਔਗੁਣ ਆ ਗਏ ਹਨ। ਇਨ੍ਹਾਂ ਨੂੰ ਦੂਰ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਸਾਡੀ ਮੌਤ ਦੇ ਵਰੰਟਾਂ ਉੱਤੇ ਦਸਤਖਤ ਹੋ ਚੁੱਕੇ ਸਮਝੋ। ਇਹ ਔਗੁਣ ਹਨ :1. ਪੇਂਡੂ ਜੀਵਨ ਤੋਂ ਘਿਰਣਾ ਕਰਨਾ। 2. ਹੱਥ ਨਾਲ ਕੰਮ ਕਰਨ ਤੋਂ ਘਿਰਣਾ ਕਰਨਾ। 3. ਉਹ ਕੰਮ ਜਿਨ੍ਹਾਂ ਨਾਲ ਧਰਤੀ 'ਚੋਂ ਅੰਨ ਪੈਦਾ ਕੀਤਾ ਜਾਂਦਾ ਹੈ, ਨੂੰ ਕਰਨ ਤੋਂ ਘਿਰਣਾ ਕਰਨਾ (ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਖੇਤੀ ਦੇ ਕੰਮਾਂ ਵਿੱਚ ਲੱਗ ਕੇ ਰੂੜੀ ਸਿਰ 'ਤੇ ਚੁੱਕੀ ਸੀ)।ਅੱਜ ਦੇਸ਼ ਦੇ ਅਨੇਕਾਂ ਬੰਦੇ ਮੋਟਰਕਾਰ ਵਰਗੀਆਂ ਫਜ਼ੂਲ ਚੀਜ਼ਾਂ ਵਰਤਦੇ ਹੋਏ, ਦੇਸ਼ ਨੂੰ ਗਰੀਬ ਬਣਾਉਂਦੇ ਹੋਏ, ਕੇਵਲ ਸਰਕਾਰ ਤੋਂ ਹੀ ਆਸ ਕਰਦੇ ਹਨ ਕਿ ਕੇਵਲ ਸਰਕਾਰ ਦਾ ਕੰਮ ਹੀ ਦੇਸ਼ ਦੀ ਗਰੀਬੀ ਦੂਰ ਕਰਨਾ ਹੈ, ਜਨਤਾ ਦਾ ਨਹੀਂ। ਸਰਕਾਰਾਂ ਮੂਰਖਪੁਣਾ ਕਰ ਸਕਦੀਆਂ ਹਨ ਤੇ ਉਨ੍ਹਾਂ ਦੀਆਂ ਮੂਰਖਤਾਈਆਂ ਦੇ ਕਾਰਨ ਉਨ੍ਹਾਂ ਵਿਰੁੱਧ ਨੇਕ ਨੀਤੀ ਤੇ ਬਦਨੀਤੀ ਨਾਲ ਰੌਲੇ ਵੀ ਪੈਂਦੇ ਰਹਿੰਦੇ ਹਨ। ਦੂਜੇ ਦੇਸ਼ਾਂ ਤੋਂ ਲੱਕ ਤੋੜਵੇਂ ਮਹਿੰਗੇ ਮੁੱਲ ਨਾਲ ਖਰੀਦੇ ਗਏ ਡੀਜ਼ਲ ਤੇ ਪੈਟਰੋਲ ਨੂੰ ਮੋਟਰਕਾਰਾਂ ਤੇ ਮੋਟਰਸਾਈਕਲਾਂ ਦੁਆਰਾ ਫੂਕਣ ਲੱਗੇ ਸੰਕੋਚ ਨਹੀਂ ਕਰਦੇ।ਪਰਜਾਤੰਤਰ ਦੀ ਸਫਲਤਾ ਦਾ ਭੇਦ ਹੀ ਇਸ ਗੱਲ ਵਿੱਚ ਛੁਪਿਆ ਹੋਇਆ ਹੈ ਕਿ ਸੰਸਾਰ ਦਾ ਹਰ ਬੰਦਾ ਸਮਝੇ ਕਿ ਉਹ ਆਪਣੀ ਜੀਵਨ ਚਾਲ ਨਾਲ ਦੇਸ਼ ਨੂੰ ਬਚਾ ਰਿਹਾ ਹੈ ਜਾਂ ਡੋਬ ਰਿਹਾ ਹੈ? ਪਰਜਾ-ਤੰਤਰ ਦੀ ਸਰਕਾਰ ਨੇ ਦੇਸ਼ ਦੀ ਗਰੀਬੀ ਹਟਾਉਣ ਲਈ ਜਨਤਾ ਤੋਂ ਆਸ ਕਰਨੀ ਹੁੰਦੀ ਹੈ ਕਿ ਲੋਕੀਂ ਗਰੀਬੀ ਨਾ ਵਧਾਉਣ। ਦੇਸ਼ ਦੇ ਸਾਰੇ ਬੰਦਿਆਂ ਦਾ ਕਰਤੱਵ ਹੈ ਕਿ ਉਹ ਭਾਰਤ ਦੀ ਵਿਗੜੀ ਬਨਾਉਣ। ਚੰਗੀ ਤੋਂ ਚੰਗੀ ਸਰਕਾਰ ਵੀ ਕੁੱਝ ਨਹੀਂ ਕਰ ਸਕੇਗੀ, ਜੇਕਰ ਜਨਤਾ ਉਸ ਵਿਗੜੀ ਨੂੰ ਬਨਾਉਣ ਵੱਲ ਧਿਆਨ ਨਹੀਂ ਦੇਵੇਗੀ ਤੇ ਆਪਣਾ ਪੂਰਾ-ਪੂਰਾ ਉਪਰਾਲਾ ਨਹੀਂ ਕਰੇਗੀ।ਰਸਤਾ ਕੇਵਲ ਇਕੋ ਹੈ ਕਿ ਗੁਰੂ ਅਰਜਨ ਦੇਵ ਜੀ ਵਾਂਙੂ ਧਰਮ ਗ੍ਰੰਥਾਂ ਦੀ ਰਚਨਾ ਤੇ ਧਰਮ ਗ੍ਰੰਥਾਂ ਦਾ ਪ੍ਰਚਾਰ ਕੀਤਾ ਜਾਵੇ। ਇਸ ਪ੍ਰਚਾਰ ਦਾ ਜਾਲ ਵਿਛਾਇਆ ਜਾਵੇ ਕਿਉਂਕਿ ਪਰਜਾਤੰਤਰ ਇਕ ਅਧਿਆਤਮਕ ਸੰਸਥਾ ਹੁੰਦੀ ਹੈ ਤੇ ਇਸ ਦਾ ਆਧਾਰ ਮਨੁੱਖ ਦੇ ਹਿਰਦੇ ਵਿੱਚ ਵੱਸਣ ਵਾਲੇ ਸਤ-ਸੰਤੋਖ ਤੇ ਦਇਆ ਦੇ ਗੁਣ ਹੁੰਦੇ ਹਨ। ਲੋੜ ਇਸ ਗੱਲ ਦੀ ਹੈ ਕਿ ਉੱਚੀ ਵਿਦਿਆ ਵਾਲੇ ਹਜ਼ਾਰਾਂ ਨੌਜਵਾਨ ਗੁਰੂ ਤੇਗ ਬਹਾਦਰ ਸਾਹਿਬ ਵਾਂਙੂ ਸੰਸਾਰ ਦੇ ਰੇੜਕਿਆਂ ਤੋਂ ਲਾਂਭੇ ਹੋ ਕੇ 26 ਸਾਲ ਦਾ ਲੰਮਾ ਸਮਾਂਦੇਸ਼ ਦੀ ਦੁਨੀਆਂ ਦੀਆਂ ਸਮੱਸਿਆਵਾਂ ਦੀ ਖੋਜ ਤੇ ਜੀਵਨ ਦੀ ਆਧਿਆਤਮਕ ਉਸਾਰੀ 'ਤੇ ਖਰਚ ਕਰਨ ਤੇ ਨਿਗੂਣੇ (ਚੁਰਾਸੀ ਲੱਖ ਜੂਨਾਂ ਦੇ) ਕੰਮਾਂ ਤੋਂ ਹਟ ਕੇ ਅਕਲ 'ਤੇ ਆਧਾਰਤ ਉਹ ਕੰਮ ਕਰਨ, ਜਿਨ੍ਹਾਂ ਨੂੰ ਕੀਤਿਆਂ ਵੱਧ ਤੋਂ ਵੱਧ ਸਮਾਜ, ਦੇਸ਼ ਤੇ ਦੁਨੀਆਂ ਦਾ ਭਲਾ ਹੁੰਦਾ ਹੋਵੇ ਤੇ ਗੁਰੂ ਨਾਨਕ ਸਾਹਿਬ ਵਾਂਙੂ ਰੇੜ੍ਹਿਆਂ ਦੀ ਵਿਛਾਈ ਕਰਕੇ ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਚੌਵੀ ਸਾਲਾਂ ਦੇ ਲੰਮੇਂ ਸਮੇਂ ਤੱਕ ਪੈਦਲ ਸਫਰਾਂ ਦੁਆਰਾ ਆਤਮਕ ਤੌਰ 'ਤੇ ਜਗਾਇਆ ਜਾਵੇ ਤੇ ਉਹਨਾਂ ਨੂੰ ਦੇਸ਼ ਦੀਆਂ ਸਮੱਸਿਆਵਾਂ ਤੋਂ ਵੀ ਜਾਣੂੰ ਕਰਾਇਆ ਜਾਵੇ ਤਾਂ ਜੋ ਉਹ ਆਪਣਾ ਉਧਾਰ ਕਰ ਸਕਣ ਤੇ ਉੱਨਤੀ ਦੇ ਰਾਹ 'ਤੇ ਤੁਰ ਸਕਣ। ਇਸ ਤੋਂ ਬਿਨ੍ਹਾਂ ਹੋਰ ਕੋਈ ਰਸਤਾ ਬਚਾਉ ਦਾ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੇਤੀ ਦੇ ਕਿੱਤੇ ਨੂੰ ਜੋ ਮਾਣ ਦਿੱਤਾ ਹੈ, ਵਰਤਮਾਨ ਕਾਲ ਵਿਚ ਉਹਦੀ ਮਹੱਤਤਾ ਕੀ ਹੈ? ਉਸ ਦੀ ਮਹੱਤਤਾ ਜਾਣਨ ਲਈ ਸੰਸਾਰ ਪ੍ਰਸਿੱਧ ਅੰਗਰੇਜ਼ ਵਿਦਵਾਨ ਰਸਕਿਨ ਦੀ ਸੰਸਾਰ ਪ੍ਰਸਿੱਧ ਪੁਸਤਕ 'UNTO THIS LAST' ਦੇ ਹੇਠ ਲਿਖੇ ਸ਼ਬਦ ਦੁਨੀਆਂ ਦੇ ਬੰਦਿਆਂ ਅੱਗੇ ਰੱਖੇ ਜਾਣ-"ਤੁਸੀਂ ਆਪਣੇ ਮੋਦੀਖਾਨੇ ਵਿੱਚ ਕਾਹਦੀਆਂ ਬੋਰੀਆਂ ਭਰ ਕੇ ਰੱਖੀਆਂ ਹਨ? ਉਹ ਬੋਰੀਆਂ ਅਨਾਜ ਦੀਆਂ ਹਨ ਜਾਂ ਦਿਲ ਪ੍ਰਚਾਵੇ ਲਈ ਆਤਸ਼ਬਾਜ਼ੀ ਬਨਾਉਣ ਵਾਲੇ ਬਾਰੂਦ ਦੀਆਂ? ਤੁਸੀਂ ਅਨਾਜ ਦੀ ਪੈਦਾਵਾਰ ਵੱਲ ਪਿੱਠ ਕਰਕੇ (ਜਿਹਾ ਕੇ ਉਪਰ ਦੱਸਿਆ ਗਿਆ ਹੈ) ਨਿਗੂਣੀਆਂ ਵਸਤਾਂ ਦੀਆਂ ਬੋਰੀਆਂ ਭਰਨ ਕਰਕੇ ਭੁੱਖ ਨਾਲ ਮਰਨ ਦੇ ਰਾਹ 'ਤੇ ਤੁਰੇ ਜਾ ਰਹੇ ਹੋ।"ਪ੍ਰਸਿੱਧ ਫਿਲਾਸਫਰ ਰਸਕਿਨ ਨੇ ਲਿਖਿਆ ਹੈ 'ਸੜਕ 'ਤੇ ਪਏ ਗੰਦ ਤੋਂ ਤੁਸੀਂ ਪਿੱਠ ਫੇਰ ਕੇ ਲੰਘ ਜਾਂਦੇ ਰਹੇ ਪਰ ਖੇਤ ਉਸ ਗੰਦ ਨੂੰ ਇਸ ਖਿਆਲ ਨਾਲ ਉਡੀਕ ਰਿਹਾ ਹੁੰਦਾ ਹੈ ਕਿ ਉਹ ਗੰਦ ਉਸ ਪਾਸ ਆਵੇ ਤੇ ਉਹ ਫੇਰ ਉਸ ਗੰਦ ਦੀ ਸਹਾਇਤਾ ਨਾਲ ਮੁੜ ਕੇ



ਅਨਾਜ ਪੈਦਾ ਕਰੇ।ਵਰਤਮਾਨ ਕਾਲ ਵਿੱਚ ਬਰਲੌਂਗ ਵਿਗਿਆਨੀ, ਕਣਕ ਦੀ ਪੈਦਾਵਾਰ ਦੇ ਸਬੰਧ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਵਿਗਿਆਨੀ ਮੰਨਿਆ ਗਿਆ ਹੈ। ਸ਼ਾਇਦ ਉਹ ਅਮਰੀਕਾ ਸਰਕਾਰ ਦਾ ਸਲਾਹਕਾਰ ਹੈ। ਦਸ ਬਾਰਾਂ ਸਾਲ ਹੋਏ, ਉਹ ਹਿੰਦੁਸਤਾਨ ਆਇਆ ਸੀ, ਉਸ ਨੇ ਕਿਹਾ ਸੀ-'ਵਿਕਾਸਸ਼ੀਲ ਦੇਸ਼ ਕੇਵਲ ਉਦਯੋਗਾਂ ਵੱਲ ਧਿਆਨ ਦੇ ਕੇ ਖੇਤੀ ਵੱਲੋਂ ਅਣਗਹਿਲੀ ਕਰਕੇ ਅੰਨ ਦੀ ਪੈਦਾਵਾਰ ਨੂੰ ਘਟਾਉਣ ਦੇ ਰਾਹ 'ਤੇ ਤੁਰੇ ਜਾਂਦੇ ਹਨ।"ਭਾਰਤ ਦੇ ਪੁਰਾਣੇ ਧਰਮ ਗ੍ਰੰਥਾਂ ਵਿੱਚ (ਪੁਰਾਣਾਂ ਵਿੱਚ) ਇਹ ਸ਼ਬਦ ਆਉਂਦੇ ਹਨ, ਜਵਾਰ ਦੇ ਦਾਣੇ ਹੀਰੇ ਜਵਾਹਰਾਂ ਨਾਲੋਂ ਵਧੇਰੇ ਕੀਮਤੀ ਹਨ। ਦੁਨੀਆਂ ਦੇ ਕਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਜਦੋਂ ਕੋਈ ਕਾਲ ਪੈਂਦਾ ਰਿਹਾ ਹੈ, ਮਰਨ ਵਾਲਿਆਂ ਦੇ ਸਿਰਹਾਣੇ ਥੱਲਿਉਂ ਸੋਨੇ ਚਾਂਦੀ ਦੇ ਜੇਵਰ ਤੇ ਹੀਰੇ ਜਵਾਹਰ ਨਿਕਲਦੇ ਰਹੇ ਹਨ। ਇਸ ਤਰ੍ਹਾਂ ਭਾਰਤ ਵਿਚ ਕਣਕ ਦੇ ਭੰਡਾਰ ਜਮ੍ਹਾਂ ਪਏ ਦੱਸੇ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਇਹਨਾਂ ਭੰਡਾਰਾਂ ਨੂੰ ਦੋ ਦ੍ਰਿਸ਼ਟੀਕੋਣਾਂ ਤੋਂ ਵੇਖਣਾ ਸੀ। ਇਕ ਇਹ ਕਿ ਭਾਰਤ ਦਾ ਹਰ ਗਰੀਬ ਬੰਦਾ ਲੋੜ ਅਨੁਸਾਰ ਅਨਾਜ ਖਰੀਦਣ ਦੀ ਮਾਇਕ ਸ਼ਕਤੀ ਰੱਖਦਾ ਹੈ? ਕੀ ਉਹ ਦੋ ਵਾਰ ਖਾਣਾ ਖਾਣ ਦੀ ਥਾਂ ਇਕ ਵਾਰ ਖਾਣਾ ਤਾਂ ਨਹੀਂ ਖਾਂਦਾ ਹੈ? ਬਾਕੀ ਜਿਹੜੀ ਕਣਕ ਪੈਦਾ ਹੋ ਰਹੀ ਹੈ, ਕੀ ਉਹ ਬਣਾਉਟੀ ਖਾਦਾਂ ਨਾਲ ਤਾਂ ਨਹੀਂ ਪੈਦਾ ਕੀਤੀ ਜਾ ਰਹੀ, ਜੋ ਜ਼ਮੀਨ ਦੀ ਤਾਕਤ ਨੂੰ ਕਮਜ਼ੋਰ ਕਰ ਦੇਵੇ? ਧਰਤੀ ਨਾਲ ਇਨਸਾਫ ਉਸੇ ਸੂਰਤ ਵਿਚ ਹੋ ਸਕਦਾ ਹੈ ਜੇਕਰ ਉਸ ਨੂੰ ਠੀਕ ਖਾਦ ਦਿੱਤੀ ਜਾਵੇ। ਬਣਾਉਟੀ ਖਾਦਾਂ ਨਾਲ ਜ਼ਮੀਨ ਨੂੰ ਉਬਾਲਾ ਆ ਜਾਂਦਾ ਹੈ ਤੇ ਇਸ ਤਰ੍ਹਾਂ ਉਸ ਦੀ ਸ਼ਕਤੀ ਘੱਟਦੀ ਰਹਿੰਦੀ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਲੋਕਾਂ ਨੂੰ ਕਹਿਣਾ ਸੀ ਕਿ ਉਹ ਰੂੜੀ ਦੀ ਖਾਦ ਨੂੰ ਬਰਬਾਦ ਨਾ ਕਰਨ, ਜਿਸ ਤਰ੍ਹਾਂ ਕਿ ਸ਼ਹਿਰਾਂ ਵਿਚ ਹੋ ਰਹੀ ਹੈ। ਸ਼ਹਿਰਾਂ ਵਿਚ ਰੂੜੀ ਦੀ ਖਾਦ ਦੀ ਨੀਵੇਂ ਥਾਵਾਂ 'ਤੇ ਭਰਤੀ ਪੈ ਰਹੀ ਹੈ। ਗੋਬਰ, ਮੈਲਾ, ਕੇਲੇ, ਖਰਬੂਜੇ, ਫਲਾਂ ਤੇ ਸਬਜ਼ੀਆਂ ਦੇ ਛਿੱਲੜ ਸਭਨਾਂ ਦੀ ਰੂੜੀ ਦੀ ਖਾਦ ਬਣਦੀ ਹੈ ਤੇ ਇਹ ਸਭ ਵਸਤਾਂ ਗਲੀਆਂ ਮੁਹੱਲਿਆਂ ਵਿੱਚ ਲੋਕਾਂ ਦੇ ਪੈਰਾਂ ਥੱਲੇ ਰੁਲਦੀਆਂ ਰਹਿੰਦੀਆਂ ਹਨ। ਗਲੀਆਂ ਬਾਜ਼ਾਰਾਂ ਵਿੱਚ ਸ਼ੀਸ਼ੇ, ਮੇਖਾਂ, ਖੁਰੀਆਂ ਕੂੜੇ ਵਿੱਚ ਪੈਂਦੀਆਂ ਰਹਿੰਦੀਆਂ ਹਨ। ਉਸ ਕੂੜੇ ਨਾਲ ਸਫਾਈ ਮਜ਼ਦੂਰਾਂ, ਕਿਸਾਨਾਂ, ਬੈਲਾਂ ਆਦਿ ਦੇ ਹੱਥ ਪੈਰ ਪਾਟਦੇ ਰਹਿੰਦੇ ਹਨ। ਕਿਰਸਾਨ ਉਸ ਕੂੜੇ ਨੂੰ ਪ੍ਰਵਾਨ ਨਹੀਂ ਕਰਨਾ ਚਾਹੁੰਦੇ। ਮਿਊਂਸੀਪਲ ਕਮੇਟੀਆਂ ਨੂੰ ਤਨਖਾਹ 'ਤੇ ਬੰਦੇ ਰੱਖ ਕੇ ਉਹ ਕੂੜਾ ਸਾਫ ਕਰਾਉਣਾ ਪੈਂਦਾ ਹੈ। ਹਿੰਦੁਸਤਾਨ ਵਿਚ ਅੰਨ੍ਹੇ ਵਾਹ ਰੁੱਖ ਵੱਢੇ ਜਾ ਰਹੇ ਹਨ, ਜਿਸ ਨਾਲ ਧਰਤੀ ਰੇਤ ਦਾ ਮਾਰੂਥਲ ਬਣਦੀ ਜਾ ਰਹੀ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸਭ ਕੁੱਝ ਦੇਖਣਾ ਸੀ।ਉਹਨਾਂ ਨੇ ਦੇਗ ਚਲਾਉਣੀ ਸੀ ਤੇ ਕਿਸੇ ਨੂੰ ਭੁੱਖਾ ਨਹੀਂ ਮਰਨ ਦੇਣਾ ਸੀ। ਪਰਜਾਤੰਤਰੀ ਰਾਜ-ਪ੍ਰਬੰਧ ਉਸੇ ਸੂਰਤ ਵਿਚ ਸਫਲ ਹੋ ਸਕਦਾ ਹੈ ਜੇਕਰ ਉਸ ਦੇ ਅਧੀਨ ਰਹਿਣ ਵਾਲੇ ਹਰ ਬੰਦੇ ਦੇ ਹਿਰਦੇ ਵਿੱਚ ਹਰ ਦੂਸਰੇ ਬੰਦੇ ਲਈ ਪਰਿਵਾਰ ਵਾਲੀ ਭਾਵਨਾ ਮੌਜੂਦ ਹੋਵੇ। ਕਿਸੇ ਅੰਗਰੇਜ਼ ਵਿਦਵਾਨ ਨੇ ਇਸ ਭਾਵਨਾ ਨੂੰ ਤਿੰਨ ਸ਼ਬਦਾਂ ਹਿੰਚ ਕਿਭਾਤ ਬਰੀਡਾ ਚੈ, Intelligence, Honour and Virtue, ਅਰਥਾਤ-ਹਰ ਘਰ ਦੇ ਬੰਦੇ ਆਪਣੇ ਘਰ ਨੂੰ ਆਪਣੇ ਜੀਵਨ ਦੇ ਤਿੰਨਾਂ ਗੁਣਾਂ ਦੇ ਆਧਾਰ 'ਤੇ ਚਲਾਇਆ ਕਰਦੇ ਹਨ-ਬੁੱਧੀ, ਅਣਖ ਤੇ ਧਰਮ।

# ਜਾਤ ਤੇ ਜਮਾਤ

ਜਮਾਤ ਨੂੰ ਆਰਥਿਕ ਹਿਤਾਂ ਦੀ ਸਾਂਝ ਜਨਮ ਦਿੰਦੀ ਹੈ, ਪਰ ਜਾਤ ਮੁੱਖ ਤੌਰ ਉੱਤੇ ਬ੍ਰਾਹਮਣਵਾਦ ਦੀ ਸਾਜਨਾ ਹੈ।ਬ੍ਰਾਹਮਣਵਾਦ ਨੇ ਇਹ ਸਿਧਾਂਤ ਥਾਪਿਆ ਕਿ ਮਨੁੱਖ ਆਪਣੇ ਗੁਣਾਂ ਔਗੁਣਾਂ ਕਰ ਕੇ ਨਹੀਂ, ਸਗੋਂ ਆਪਣੀ ਪੈਦਾਇਸ਼ ਕਰਕੇ ਉੱਚੇ ਨੀਵੇਂ ਹਨ ਤੇ ਸਦਾ ਰਹਿਣਗੇ। ਜੇ ਇਕ ਆਦਮੀ ਦਾ ਜਨਮ ਉੱਚੀ ਜਾਤ ਵਿੱਚ ਹੋਇਆ ਹੈ ਤਾਂ ਉਹ ਉੱਚਾ ਹੈ, ਭਾਵੇਂ ਉਹ ਚੋਰ, ਡਾਕੂ ਤੇ ਲੁੱਚਾ ਕਿਉਂ ਨਾ ਹੋਵੇ। ਜਿਸ ਦਾ ਜਨਮ ਨੀਵੀਂ ਜਾਤ ਵਿੱਚ ਹੋਇਆ ਹੈ, ਉਹ ਨੀਵਾਂ ਹੈ, ਭਾਵੇਂ ਉਹ ਕਿਤਨੇ ਹੀ ਉੱਚੇ ਆਚਾਰ ਦਾ ਮਾਲਕ ਕਿਉਂ ਨਾ ਹੋਵੇ। ਜਾਤ ਆਰਥਿਕ ਹਿਤਾਂ ਦੀਆਂ ਵੱਟਾਂ ਟੱਪ ਜਾਂਦੀ ਹੈ। "ਜਮਾਤ ਤੇ ਜਾਤ ਆਪਸ ਵਿੱਚ ਨਹੀਂ ਮਿਲਦੇ, ਨਾ ਆਪਣੇ ਅਸਲੇ ਵਿੱਚ, ਨਾ ਕੁਦਰਤੀ ਝੁਕਾਵਾਂ ਮੁਤਾਬਕ ਅਤੇ ਨਾ ਵਿਕਾਸ ਅਨੁਸਾਰ। ਜਿਹੜੀਆਂ ਜਾਤਾਂ ਇਕੋ ਜਮਾਤ ਨਾਲ ਸੰਬੰਧ ਰੱਖਦੀਆਂ ਹਨ, ਉਹ ਇਕ ਦੂਜੇ ਨਾਲੋਂ ਸਾਫ ਤੌਰ ਉੱਤੇ ਨਿੱਖੜਵੀਆਂ ਦਿੱਸਦੀਆਂ ਹਨ। ਉਹ ਆਪਣੇ ਆਰਥਿਕ ਹਿਤਾਂ ਦੀ ਸਾਂਝ ਦੀ ਪਰਵਾਹ ਨਾ ਕਰਦਿਆਂ ਹੋਇਆਂ ਇਕ ਦੂਜੇ ਤੋਂ ਨਿੱਖੜ ਕੇ ਰਹਿਣ ਲਈ ਪੂਰਾ ਤਾਣ ਲਾਉਂਦੀਆਂ ਹਨ।"ਪੁਰਾਣੀਆਂ ਸੱਭਿਆਤਾਵਾਂ ਵਾਲੇ ਦੂਜੇ ਮੁਲਕਾਂ ਦੀਆਂ ਸਮਾਜਿਕ ਬਣਤਰਾਂ ਦੇ ਮੁਕਾਬਲੇ ਭਾਰਤ ਦਾ ਜਾਤ-ਪਾਤੀ ਪ੍ਰਬੰਧ ਬਿਲਕੁਲ ਅਨੋਖੀ ਸਮਾਜਿਕ ਬਣਤਰ ਹੈ। ਜਿਥੇ ਹੋਰਨਾਂ ਸੁਸਾਇਟੀਆਂ ਵਿੱਚ ਭਾਈਚਾਰਕ ਵਿਕਾਸ ਨੇ ਜਮਾਤਾਂ ਦੀ ਸ਼ਕਲ ਫੜੀ, ਕੇਵਲ ਭਾਰਤ ਵਿੱਚ ਇਸ ਨੇ ਜਾਤ-ਪਾਤੀ ਪ੍ਰਬੰਧ ਦਾ ਸਰੂਪ ਧਾਰਿਆ। "ਇਕ ਰਾਖਵੇਂ ਪੇਸ਼ੇ ਜਾਂ ਜੱਦੀ ਜਮਾਤ ਨਾਲੋਂ ਵੀ ਬ੍ਰਾਹਣਵਾਦ ਅਨੁਸਾਰ ਬਣੀ ਜਾਤ ਬਹੁਤ ਨਿਆਰੀ ਹੈ। ਜਿਨ੍ਹਾਂ ਮੁਲਕਾਂ (ਜਿਵੇਂ ਰੋਮਨ ਕੈਥਲਕ ਯੂਰਪ) ਵਿੱਚ ਪੁਜਾਰੀ ਜਮਾਤ ਦੇ ਰੁਤਬੇ ਤੇ ਹੱਕ ਬਹੁਤ ਰਾਖਵੇਂ ਬਣੇ ਹੋਏ ਹਨ, ਉਥੇ ਵੀ ਪੁਜਾਰੀ ਹੋਣਾ ਇਕ ਪੇਸ਼ਾ ਹੈ ਅਤੇ ਇਸ ਵਿੱਚ ਕੌਮ ਦੇ ਹਰ ਤਬਕੇ ਦੇ ਆਦਮੀ ਸ਼ਾਮਲ ਹੋ ਜਾਂਦੇ ਹਨ। ਇਸ ਤਰ੍ਹਾਂ ਉਨ੍ਹਾਂ ਬਹੁਤੇ ਮੁਲਕਾਂ ਵਿਚ ਜਿਥੇ ਸਰਦਾਰਾਂ ਦੀ ਜਮਾਤ ਜੱਦੀ ਹੁੰਦੀ, ਉਥੇ ਵੀ ਬਾਦਸ਼ਾਹ ਜਨਤਾ ਦੇ ਇਕ ਸਾਧਾਰਨ ਆਦਮੀ ਨੂੰ ਸਰਦਾਰ ਥਾਪ ਦਿੰਦਾ।" ਪਰ ਜਾਤ-ਪਾਤੀ ਪ੍ਰਬੰਧ ਵਿੱਚ ਨਾ ਕੇਵਲ ਜਾਤ-ਜੱਦੀ ਹੀ ਹੁੰਦੀ ਹੈ, ਇਹ ਬਦਲੀ ਵੀ ਨਹੀਂ ਜਾ ਸਕਦੀ।ਜਾਤ ਅਤੇ ਜਮਾਤ ਵਿਚਕਾਰ ਜੋ ਅੰਤਰਾ ਹੈ, ਉਸ ਦੀਆਂ ਬਾਰੀਕੀਆਂ ਵਿੱਚ ਜਾਣਾ ਸਾਡਾ ਮਨੋਰਥ ਨਹੀਂ। ਸਾਡੀ ਪੜਚੋਲ ਲਈ ਇਤਨਾ ਹੀ ਕਾਫੀ ਹੈ ਕਿ ਇਹ ਪਾੜ ਬਹੁਤ ਵੱਡਾ ਸੀ।ਇਤਨਾ ਵੱਡਾ ਕਿ ਇਸ ਅੰਤਰੇ ਨੇ ਸਮਾਜਿਕ ਵਿਕਾਸ ਦੇ ਮੁਹਾਣ ਅੱਡ-ਅੱਡ ਦਿਸ਼ਾ ਵੱਲ ਕਰ ਦਿੱਤੇ। ਜਾਤ-ਪਾਤੀ ਹਿੰਦੂ ਸੁਸਾਇਟੀ ਦੇ ਵਿਕਾਸ ਦਾ ਇਕ ਬੰਨੇ ਅਤੇ ਜਮਾਤ ਦੇ ਆਧਾਰ ਉੱਤੇ ਹੋਰ ਮੁਲਕਾਂ ਦੇ ਹੋਏ ਸਮਾਜਿਕ ਵਿਕਾਸਾਂ ਦਾ ਦੂਸਰੇ ਬੰਨੇ। ਇਤਿਹਾਸ ਦਾ ਸਮਾਜਿਕ ਵਿਕਾਸ ਨਾਲ ਗੂੜ੍ਹਾ ਸੰਬੰਧ ਹੈ। ਇਸ ਲਈ ਹਿੰਦ ਦੇ ਇਤਿਹਾਸ ਨੂੰ ਉਸੇ ਤੱਕੜੀ ਵਿੱਚ ਨਹੀਂ ਤੋਲਿਆ ਜਾ ਸਕਦਾ, ਜਿਸ ਵਿੱਚ ਹੋਰ ਦੇਸ਼ਾਂ ਦੇ ਇਤਿਹਾਸ ਤੋਲੇ ਜਾਂਦੇ ਹਨ। ਇਹ ਗੁਰ ਹਮੇਸ਼ਾਂ ਧਿਆਨ ਵਿੱਚ ਰੱਖਣ ਵਾਲਾ ਹੈ। ਸਿੱਖ ਲਹਿਰ ਦੀ ਰੂਪ-ਰੇਖਾ ਸਮਝਣ ਲਈ ਤਾਂ ਇਹ ਖਾਸ ਤੌਰ ਉੱਤੇ ਜ਼ਰੂਰੀ ਹੈ ਕਿ ਜਾਤ-ਪਾਤੀ ਦੀ ਚਾਲ ਢਾਲ ਨੂੰ ਗਿਣਿਆ-ਮਿਥਿਆ ਜਾਏ।ਇਕ ਅਨੋਖਾ ਵਿਸਥਾਰ:-ਕੁੱਝ ਹੋਰਨਾਂ ਸੁਸਾਇਟੀਆਂ ਵਿੱਚ ਵੀ ਕਦੇ ਨਾ ਕਦੇ ਜਾਤ-ਪਾਤੀ ਦੇ ਚਿੰਨ੍ਹਾਂ ਨਾਲ ਮਾੜੇ ਮੋਟੇ ਮਿਲਦੇ-ਜੁਲਦੇ ਚਿੰਨ੍ਹ ਮੌਜੂਦ ਸਨ। ਈਰਾਨ ਦੀ ਪਹਿਲੇ ਸਮੇਂ ਦੀ ਵਸੋਂ ਭਾਰਤ ਦੇ ਚਾਰ ਵਰਣਾਂ ਨਾਲ ਮੇਲ ਖਾਂਦੇ ਚਾਰ ਪਿਸ਼ਤਰਾਸ ਵਿੱਚ ਵੰਡੀ ਹੋਈ ਸੀ। ਪੁਰਾਣੇ ਅਸੀਰੀਆ ਤੇ ਮਿਸਰ ਵਿੱਚ ਅੱਡਰੇ-ਅੱਡਰੇ ਪੇਸ਼ਿਆਂ ਵਾਲਿਆਂ ਨੂੰ ਆਪਸ ਵਿਚਕਾਰ ਸ਼ਾਦੀ ਕਰਨ ਦੀ ਮਨਾਹੀ ਸੀ। ਗੋਗਾਅਟ ਲਿਖਦਾ ਹੈ ਕਿ "ਅਸੀਰੀਆ ਦੀ ਸਲਤਨਤ ਵਿੱਚ ਜਨਤਾ ਕਈ ਕਬੀਲਿਆਂ ਵਿੱਚ ਵੰਡੀ ਹੋਈ ਸੀ ਅਤੇ ਪੇਸ਼ੇ ਜੱਦੀ ਸਨ। ਅਰਥਾਤ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਪੇਸ਼ਾ ਤਿਆਗ ਕੇ ਹੋਰ ਪੇਸ਼ਾ ਅਪਨਾਉਣ ਦੀ ਆਗਿਆ ਨਹੀਂ ਸੀ (ਡਾਇਡੋਰਸ, ਲਿਬ-2, ਪੰਨਾ 142)।ਇਹ ਪਤਾ ਨਹੀਂ ਕਿ ਇਹ ਪ੍ਰਬੰਧ ਕਿਸ ਨੇ ਬਣਾਇਆ ਅਤੇ ਕਦੋਂ, ਪਰ ਇਹ ਧੁਰ ਕਦੀਮਾਂ ਤੋਂ ਸਾਰੇ ਏਸ਼ੀਆ ਅਤੇ ਹੋਰ ਮੁਲਕਾਂ ਵਿੱਚ ਰਾਜਸੀ ਸੀ।" ਹੱਟਨ ਨੇ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਹਨ ਜਿਨ੍ਹਾਂ ਦੇ ਚਿੰਨ੍ਹ ਜਾਤ-ਪਾਤੀ ਪ੍ਰਬੰਧ ਨਾਲ ਬਹੁਤ ਨੇੜਿਉਂ ਮਿਲਦੇ ਹਨ। ਉਸ ਨੇ ਜਾਤ-ਪਾਤੀ ਪ੍ਰਬੰਧ ਦੇ ਕਈ ਪਹਿਲੂਆਂ ਨਾਲ ਮਿਲਦੀਆਂ ਮਿਸਾਲਾਂ ਦਿੱਤੀਆਂ ਹਨ।ਪਰ ਅਸੀਂ ਇੱਥੇ ਸਿਰਫ ਉਨ੍ਹਾਂ ਉੱਘੜਵੀਆਂ ਮਿਸਾਲਾਂ ਦਾਜ਼ਿਕਰ ਕਰਾਂਗੇ, ਜੋ ਭਾਰਤੀ ਅਛੂਤਾਂ ਨਾਲ ਮਿਲਦੀਆਂ ਹਨ।ਮਿਸਰ ਵਿੱਚ ਸੂਰਾਂ ਨੂੰ ਪਾਲਣ ਵਾਲੇ ਕਿਸੇ ਮੰਦਰ ਅੰਦਰ ਨਹੀਂ ਸੀ ਵੜ ਸਕਦੇ ਅਤੇ ਉਨ੍ਹਾਂ ਨੂੰ ਆਪਣੇ ਭਾਈਚਾਰੇ ਦੇ ਅੰਦਰ ਹੀ ਸ਼ਾਦੀ ਕਰਨੀ ਪੈਂਦੀ। ਅਫਰੀਕਾ ਦੀ ਉੱਤਰ-ਪੂਰਬੀ ਨੁੱਕਰ ਵਿੱਚ ਸਮਾਲੀ ਲੋਕ ਵੱਸਦੇ ਹਨ। ਉਨ੍ਹਾਂ ਵਿੱਚ "ਜੱਦੀ ਲੁਹਾਰ ਅੱਡਰੀਆਂ ਬਸਤੀਆਂ ਵਿੱਚ ਰਹਿੰਦੇ ਸਨ। ਕੋਈ ਮਸਾਈ ਕਿਸੇਲੁਹਾਰ ਨੂੰ ਬਗੈਰ ਦੰਡ ਦੇ ਭਾਗੀ ਹੋਣ ਦੇ ਜਾਨੋਂ ਮਾਰ ਸਕਦਾ ਸੀ, ਪਰ ਲੁਹਾਰ ਮਸਾਈ ਨੂੰ ਨਹੀਂ ਸੀ ਮਾਰ ਸਕਦਾ। ਕੋਈਮਸਾਈ ਲੁਹਾਰਾਂ ਦੀ ਬਸਤੀ ਦੇ ਲਾਗੇ ਨਹੀਂ ਸੀ ਠਹਿਰਦਾ...ਲੁਹਾਰ ਜੋ ਚੀਜ਼ਾਂ ਘੜਦੇ, ਉਹ ਅਪਵਿੱਤਰ ਸਮਝੀਆਂ ਜਾਂਦੀਆਂ ਅਤੇ ਉਨ੍ਹਾਂ ਨੂੰ ਵਰਤਣ ਤੋਂ ਪਹਿਲਾਂ ਗਰੀਸ ਲਾ ਕੇ ਸ਼ੁੱਧ ਕੀਤਾ ਜਾਂਦਾ। ਰਾਤ ਵੇਲੇ 'ਲੁਹਾਰ' ਦਾ ਸ਼ਬਦ ਵੀ ਮੂੰਹੋਂ ਨਾ ਕੱਢਿਆ ਜਾਂਦਾ। ਇਸ ਡਰ ਤੋਂ ਕਿ ਸ਼ੇਰ ਬਸਤੀ ਉੱਤੇ ਹੱਲਾ ਨਾ ਕਰ ਦੇਣ।" ਅਫਰੀਕਾ ਦੇ ਦੂਸਰੇ ਬੰਨੇ ਇਬੂ ਸੁਸਾਇਟੀ ਵਿੱਚ ਓਸੂ ਵੱਸਦੇ ਹਨ। ਓਸੂ "ਆਜ਼ਾਦ ਇਬੂਆਂ ਨਾਲ ਮੇਲ-ਜੋਲ ਨਹੀਂ ਕਰ ਸਕਦੇ, ਉਨ੍ਹਾਂ ਨੂੰ ਅੱਡਰੀ ਬਸਤੀ ਵਿੱਚ ਰਹਿਣਾ ਪੈਂਦਾ ਹੈ ਅਤੇ ਕਿਸੇ ਨੂੰ 'ਓਸੂ' ਕਹਿ ਦੇਣਾ, ਉਸ ਦੀ ਨਿਰਾਦਰੀ ਕਰਨਾ ਹੈ।" ਜਾਪਾਨ ਵਿੱਚ ਏਟਾ ਨਾਮੀ ਫਿਰਕਾ ਅਛੂਤ ਹੈ।"ਉਨ੍ਹਾਂ ਵਿਰੁੱਧ ਇਥੋਂ ਤੱਕ ਤੁਅੱਬਸ ਹੈ ਕਿ ਜੇ ਸ਼ਬਦ 'ਏਟਾ' ਵਰਤਣਾ ਹੀ ਪਵੇ ਤਾਂ ਦੱਬੀ ਜ਼ਬਾਨ ਵਿੱਚ ਵਰਤਿਆ ਜਾਂਦਾ ਹੈ....ਉਹ ਪਸ਼ੂਆਂ ਬਰਾਬਰ ਸਮਝੇ ਜਾਂਦੇ ਪਿੰਡ ਤੋਂ ਬਾਹਰ ਅੱਡਰੀ ਬਸਤੀ ਵਿੱਚ ਵਸਦੇ। ਦੂਸਰਿਆਂ ਨਾਲੋਂ ਨਿਖੇੜਨ ਲਈ ਉਨ੍ਹਾਂ ਨੂੰ ਵੱਖਰੀ ਕਿਸਮ ਦੀ ਪੁਸ਼ਾਕ ਪਹਿਨਣੀ ਪੈਂਦੀ। ਆਪਣੇ ਭਾਈਚਾਰੇ ਦੇ ਅੰਦਰ ਹੀ ਸ਼ਾਦੀ ਕਰ ਸਕਦੇ। ਹੋਰਨਾਂ ਜਮਾਤਾਂ ਨਾਲ ਭਾਈਚਾਰਕ ਮੇਲ-ਜੋਲ ਨਾ ਕਰ ਸਕਦੇ ਅਤੇ ਸਿਰਫ ਹਨੇਰੇ ਸਮੇਂ ਘਰੋਂ ਬਾਹਰ ਨਿਕਲ ਸਕਦੇ।" ਭਾਰਤੀ ਅਛੂਤਾਂ ਨਾਲ ਸਭਤੋਂ ਨੇੜ੍ਹੇ ਦੀ ਮਿਲਦੀ ਮਿਸਾਲ ਬਰਮ੍ਹਾ ਦੇ ਮੰਦਰਾਂ ਦੇ ਗੁਲਾਮਾਂ ਦੀ ਹੈ। ਪਗੋਡਾ (ਬਰਮ੍ਹੀ ਮੰਦਰ) ਦਾ ਗੁਲਾਮ ਉਮਰ ਭਰ ਲਈ ਗੁਲਾਮ ਹੁੰਦਾ ਹੈ ਅਤੇ ਉਸ ਦੇ ਬੱਚੇ ਅਤੇ ਆਉਣ ਵਾਲੀਆਂ ਨਸਲਾਂ ਹਮੇਸ਼ਾਂ ਲਈ ਪਗੋਡਾ ਗੁਲਾਮ ਹੁੰਦੀਆਂ ਹਨ। ਰਾਜਾ ਵੀ ਉਨ੍ਹਾਂ ਨੂੰ ਰਿਹਾ ਨਹੀਂ ਕਰਵਾ ਸਕਦਾ।ਉਪਰਲੀਆਂ ਮਿਸਾਲਾਂ ਬਾਰੇ ਅਸੀਂ ਦੋ ਵੱਡਿਆਂ ਨੁਕਤਿਆਂ ਵੱਲ ਧਿਆਨ ਦੁਆਉਣਾ ਚਾਹੁੰਦੇ ਹਾਂ। ਪਹਿਲੀ ਗੱਲ ਇਹ ਹੈ ਕਿ ਜੋ ਮਿਸਾਲਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਦਾ ਸੰਬੰਧ ਸੁਸਾਇਟੀ ਦੇ ਇਕ ਅੱਧ ਹਿੱਸੇ ਨਾਲ ਹੈ, ਸਾਰੀ ਸੁਸਾਇਟੀ ਉੱਤੇ ਲਾਗੂ ਨਹੀਂ ਹੁੰਦਾ। ਅਰਥਾਤ ਉਹ ਸਮੁੱਚੀ ਸੁਸਾਇਟੀ ਦਾ ਅਸਲਾ ਜ਼ਾਹਿਰ ਨਹੀਂ ਕਰਦੀਆਂ। ਭਾਰਤ ਤੋਂ ਬਿਨ੍ਹਾਂ ਬਾਕੀ ਮੁਲਕਾਂ ਵਿੱਚ ਜਾਤ-ਪਾਤੀ ਨਾਲ ਮਿਲਦੇ ਇਹ ਵਿਤਕਰੇ ਰਹਿੰਦ-ਖੂੰਹਦ ਦੀ ਸ਼ਕਲ ਵਿੱਚ ਰਹੇ। ਇਹ ਫੈਲ ਕੇ ਸਮੁੱਚੇ ਸਮਾਜ ਨੂੰ ਆਪਣੇ ਕਾਬੂ ਵਿੱਚ ਲੈਣ ਵਾਲਾ ਜਾਤ-ਪਾਤੀ ਪ੍ਰਬੰਧ ਨਹੀਂ ਬਣੇ। ਰੈਵਿਲਊਟ ਇਸ ਸਿੱਟੇ ਉੱਤੇ ਪੁੱਜਦਾ ਹੈ ਕਿ ਭਾਵੇਂ ਮਿਸਰ ਦੇ 'ਜਾਤ-ਪਾਤੀ' ਵਰਗੇ ਵਿਤਕਰਿਆਂ ਦੀ ਕੋਈ ਵੀ ਸ਼ਕਲ ਸੀ, ਪਰ ਕੋਈ ਨਿਸ਼ਾਨੀ ਨਹੀਂ ਜੋ ਜ਼ਾਹਰ ਕਰੇ ਕਿ ਉਥੇ (ਮਿਸਰ ਵਿੱਚ) ਭਾਰਤ ਵਰਗਾ ਜਾਤ-ਪਾਤੀ ਪ੍ਰਬੰਧ ਸੀ....। ਹੱਟਨ ਅਫਰੀਕਾ ਬਾਰੇ ਦਿੱਤੀਆਂ ਮਿਸਾਲਾਂ ਸੰਬੰਧੀ ਲਿਖਦਾ ਹੈ ਕਿ ਇਨ੍ਹਾਂ ਦੇ ਪਹਿਲੂ ਭਾਵੇਂ ਜਾਤ-ਪਾਤ ਨਾਲ ਮਿਲਦੇ ਹਨ, ਪਰ ਇਸ ਨਾਲ ਜਾਤ-ਪਾਤੀ ਪ੍ਰਬੰਧ ਹੋਂਦ ਵਿੱਚ ਨਹੀਂ ਆਉਂਦਾ। ਬਰਮਾ ਬਾਰੇ ਵੀ ਹੱਟਨ ਲਿਖਦਾ ਹੈ ਕਿ ਉਥੇ ਜਾਤ-ਪਾਤ ਨੇ ਸਿਰ ਪੁੱਟਿਆ ਪਰ ਅਧੂਰੀ ਹਾਲਤ ਵਿੱਚ ਰੁਕ ਗਈ। ਜਾਂ ਜੇ ਵਿਗੜੀ ਵੀ ਤਾਂ ਵੀ ਉਸ ਨੇ ਸੁਸਾਇਟੀ ਦੇ ਇਕ ਛੋਟੇ ਜਿਹੇ ਹਿੱਸੇ ਉੱਤੇ ਅਸਰ ਕੀਤਾ ਅਤੇ ਸਮਾਜ ਦੇ ਵੱਡੇ ਹਿੱਸੇ ਨੂੰ ਨਹੀਂ ਛੋਹਿਆ ਕਿਉਂਕਿ ਬਰਮੀ ਸਮੁੱਚੇ ਤੌਰ ਉੱਤੇ ਜਾਤ-ਪਾਤ ਦੀ ਮਾਰ ਤੋਂ ਉਤਨੇ ਹੀ ਬੇਲਾਗ ਹਨ ਜਿਤਨੇ ਹੋਰ ਲੋਕ, ਜਿਨ੍ਹਾਂ ਵਿੱਚ ਜਾਤ ਪਾਤ ਵਰਗੀਆਂ ਨਿਸ਼ਾਨੀਆਂ ਹੋਣ ਦੀਆਂ ਅਸਾਂ ਮਿਸਾਲਾਂ ਦਿੱਤੀਆਂ ਹਨ। ਰੋਮ ਦੀ ਪੱਛਮੀ ਸਲਤਨਤ ਵਿੱਚ ਇਕ ਕਾਨੂੰਨ ਰਾਹੀਂ ਸਭ ਸਰਕਾਰੀ ਨੌਕਰੀਆਂ ਨੂੰ ਜੱਦੀ ਬਨਾਉਣ ਅਤੇ ਵਿਆਹ-ਸ਼ਾਦੀਆਂ ਉੱਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਅਜਿਹੀਆਂ ਰੋਕਾਂ ਦਾ ਮੁਕਾਬਲਾ ਕੀਤਾ ਗਿਆ। ਜਨਤਾ ਅਤੇ ਅਮੀਰ ਜਮਾਤਾਂ ਵਿਚਕਾਰ ਜੋ ਲੰਮਾ ਘੋਲ ਹੋਇਆ, ਉਸ ਦੇ ਸਿੱਟੇ ਵਜੋਂ ਇਹ ਸਭ ਵਿਤਕਰੇ ਖਤਮ ਹੋ ਗਏ। ਪੂਰਬ-ਈਸਵੀ 287 ਤੱਕ ਦੋਹਾਂ ਧੜਿਆਂ ਨੂੰ ਰਾਜਸੀ ਭਾਈਚਾਰਕ ਬਰਾਬਰੀ ਦੇ ਹੱਕ ਮਿਲ ਗਏ। ਹਿੰਦੀ ਆਰੀਆ ਲੋਕਾਂ ਦੇ ਸਭਤੋਂ ਨੇੜੇ ਉਹ ਆਰੀਆ ਹਨ, ਜੋ ਈਰਾਨ ਗਏ। ਉਥੇ ਪੁਜਾਰੀ ਦਾ ਪੇਸ਼ਾ ਸਭ ਤੋਂ ਉੱਤਮ ਅਤੇ ਕਾਰੀਗਰ ਦਾ ਸਭ ਤੋਂ ਘਟੀਆ ਸਮਝਿਆ ਜਾਂਦਾ ਸੀ। ਆਪਣਾ ਪੇਸ਼ਾ ਬਦਲਣ ਦੀ ਸਿਰਫ ਉਨ੍ਹਾਂ ਨੂੰ ਆਗਿਆ ਮਿਲਦੀ, ਜੋ ਨਵੇਂ ਅਪਣਾਏ ਜਾਣ ਵਾਲੇ ਹੁੱਨਰ ਲਈ ਵਿਸ਼ੇਸ਼ ਤੌਰ 'ਤੇ ਯੋਗ ਹੁੰਦੇ। ਪੁਜਾਰੀ ਆਪਣੇ ਤੋਂ ਨੀਵੀਆਂ ਜਮਾਤਾਂ ਦੀਆਂ ਲੜਕੀਆਂ ਨਾਲ ਸ਼ਾਦੀ ਕਰ ਸਕਦੇ ਸਨ ਪਰ ਆਪਣੀਆਂ ਲੜਕੀਆਂ ਨੂੰ ਨੀਵੀਆਂ ਜਮਾਤਾਂ ਦੇ ਬੰਦਿਆਂ ਨਾਲ ਵਿਆਹ ਕਰਨ ਦੀ ਆਗਿਆ ਨਹੀਂ ਸੀ ਦਿੰਦੇ। ਪਰ ਇਨ੍ਹਾਂ ਗੱਲਾਂ ਦੇ ਬਾਵਜੂਦ ਈਰਾਨ ਦੇ ਇਤਿਹਾਸ ਵਿੱਚ ਜਾਤ-ਪਾਤ ਹੋਣ ਦਾ ਕੋਈ ਸਬੂਤ ਨਹੀਂ ਮਿਲਦਾ। ਚੀਨ ਸਾਡਾ ਇਕ ਹੋਰ ਗੁਆਂਢੀ ਦੇਸ਼ ਹੈ, ਜਿੱਥੋਂ ਦੀ ਸਭਿਅਤਾ ਸਾਡੇ ਨਾਲੋਂ ਵੀ ਪੁਰਾਣੀ ਮਿਥੀ ਜਾਂਦੀ ਹੈ। ਉਥੇ ਵੀ ਜਾਤ-ਪਾਤ ਨਾਲ ਮਿਲਦੇ-ਜੁਲਦੇ ਭਾਈਚਾਰਕ ਵਿਤਕਰਿਆਂ ਦੇ ਨਿਸ਼ਾਨ ਸਨ। ਨਾਈਆਂ ਅਤੇ ਉਨ੍ਹਾਂ ਦੀ ਔਲਾਦ ਨੂੰ ਅਛੂਤ ਸਮਝਿਆ ਜਾਂਦਾ। ਉਹ ਸਰਕਾਰੀ ਨੌਕਰੀ ਨਹੀਂ ਸੀ ਲੈ ਸਕਦੇ। ਨਾਚੇ, ਨਾਚੀਆਂ, ਪੁਲਸੀਏ ਤੇ 'ਮਲਾਹ ਨੀਵੇਂ ਸਮਝੇ ਜਾਂਦੇ ਅਤੇ ਇਨ੍ਹਾਂ ਨੂੰ ਆਪਣੇ ਭਾਈਚਾਰਕ ਦਾਇਰੇ ਵਿੱਚ ਹੀ ਸ਼ਾਦੀ ਕਰਨੀ ਪੈਂਦੀ ਕੋਈ ਗੁਲਾਮ, ਆਜ਼ਾਦ ਇਸਤਰੀ ਨਾਲ ਵਿਆਹ ਨਹੀਂ ਸੀ ਕਰਵਾ ਸਕਦਾ। ਪਰ ਸਮੁੱਚੇ ਤੌਰ ਉੱਤੇ ਵੇਖਿਆ "ਚੀਨੀ ਸੁਸਾਇਟੀ ਵਿੱਚ ਖਾਸ ਤੌਰ ਉੱਤੇ ਘੱਟ ਤੋਂ ਘੱਟ ਬੱਝਵੀਂ ਜਮਾਤ ਵੰਡ ਰਹੀ ਹੈ।" ਚੌਥੀ ਤੇ ਤੀਜੀ ਪੂਰਬ-ਈਸਵੀ ਤੱਕ ਇਹ ਸਿਧਾਂਤ ਡੂੰਘੀਆਂ ਜੜ੍ਹਾਂ ਫੜ ਚੁੱਕਾ ਸੀ ਕਿ ਭਾਈਚਾਰਕ ਰੁਤਬੇ ਦਾ ਆਧਾਰ ਨਿੱਜੀ ਗੁਣ ਹੋਣੇ ਚਾਹੀਦੇ ਹਨ। ਦੂਸਰਾ ਵੱਡਾ ਨੁਕਤਾ, ਜਿਸ ਵੱਲ ਅਸੀਂ ਧਿਆਨ ਦਿਵਾਉਣਾ ਚਾਹੁੰਦੇ ਹਾਂ, ਇਹ ਹੈ ਕਿ ਦੂਸਰੇ ਮੁਲਕਾਂ ਵਿੱਚ ਸਮਾਜਿਕ ਵਿਕਾਸ ਦਾ ਝੁਕਾਅ ਇਹ ਸੀ ਕਿ ਜਾਤ-ਪਾਤ ਵਰਗੇ ਵਿਤਕਰੇ ਨਰਮ ਹੁੰਦੇ ਜਾਣ ਅਤੇ ਅੰਤ ਵਿਚ ਪਿਘਲ ਕੇ ਜਮਾਤੀ ਵਿਤਕਰਿਆਂ ਦੀ ਸ਼ਕਲ ਫੜਨ। ਇਸ ਦੇ ਉਲਟ ਭਾਰਤ ਵਿੱਚ (ਉਦੋਂ ਤੀਕ ਜਦ ਤੀਕ ਭਾਰਤੀ ਸਮਾਜ ਯੂਰਪ ਦੇ ਸਭਿਅਕ ਤੇ ਆਰਥਿਕ ਅਸਰਾਂ ਹੇਠ ਨਹੀਂ ਆਇਆ) ਭਾਈਚਾਰਕ ਵਿਤਕਰੇ ਦਿਨ-ਬ-ਦਿਨ ਕਠੋਰ ਹੁੰਦੇ ਗਏ। ਭਾਵੇਂ ਜਾਤ-ਪਾਤੀ ਪ੍ਰਬੰਧ ਨੂੰ ਧਾਰਮਿਕ ਮੋਹਰ ਲਾਉਣ ਖਾਤਿਰ ਵੇਦਾਂ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਪਰ ਵੇਦਾਂ 'ਚ ਜਾਤਾਂ ਹੋਣ ਦਾ ਵਿਸ਼ੇਸ਼ ਜ਼ਿਕਰ ਨਹੀਂ। ਮੰਨੂੰ ਮੁਤਾਬਕ ਵੀ ਦੋ-ਜਨਮੇਂ ਆਰੀਆ ਲੋਕ ਬ੍ਰਾਹਮਣਾਂ ਤੇ ਕਸ਼ੱਤਰੀਆਂ ਸਮੇਤ, ਸ਼ੂਦਰ ਇਸਤਰੀਆਂ ਨਾਲ ਸ਼ਾਦੀ ਕਰ ਸਕਦੇ ਸਨ। ਜੋ ਇਕ ਬ੍ਰਾਹਮਣ ਮਰਦ ਤੇ ਸ਼ੂਦਰ ਇਸਤਰੀ ਦੇ ਜੋੜੇ ਦੀਆਂ ਲੜਕੀਆਂ ਤੇ ਲੜਕੀਆਂ ਦੀਆਂ ਲੜਕੀਆਂ, ਹਮੇਸ਼ਾਂ ਬ੍ਰਾਹਮਣਾਂ ਨਾਲ ਸ਼ਾਦੀਆਂ ਕਰਦੀਆਂ ਰਹਿਣ ਤਾਂ ਉਨ੍ਹਾਂ ਦੀ ਸਤਵੀਂ ਪੁਸ਼ਤ ਦੀ ਔਲਾਦ ਮੁਕੰਮਲ ਬ੍ਰਾਹਮਣ ਹੋ ਜਾਂਦੀ। ਮਹਾਂਭਾਰਤ ਅਤੇ ਰਮਾਇਣ ਵੀ ਇਹੋ ਦੱਸਦੇ ਹਨ ਕਿ ਬ੍ਰਾਹਮਣ ਤੇ ਕਸ਼ੱਤਰੀਆਂ ਦੀਆਂ ਨੀਵੀਆਂ ਜਾਤੀਆਂ ਨਾਲ ਸ਼ਾਦੀਆਂ ਆਮ ਸਨ। ਛੰਦੋਗਯ ਉਪਨਿਸ਼ਦ ਮੁਤਾਬਕ ਸਭ ਤੋਂ ਵੱਧ ਪਰਹੇਜ਼ਗਾਰ ਬ੍ਰਾਹਮਣ ਵੀ ਆਪਣੇ ਖ਼ੂਨ ਨੂੰ ਸ਼ੁੱਧ ਰੱਖਣ ਦੇ ਬਹੁਤੇ ਪਾਬੰਦ ਨਹੀਂ ਸਨ। ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਜਾਤਾਂ ਇਕ ਦੂਜੇ ਤੋਂ ਜ਼ੋਰ ਲਾ ਕੇ ਨਿੱਖੜਦੀਆਂ ਗਈਆਂ, ਏਸ ਲਈ ਕਿ ਉਹ ਆਪਸ ਵਿਚਕਾਰ ਨਾ ਸ਼ਾਦੀ ਕਰਨ ਅਤੇ ਨਾ ਖਾਣ-ਪੀਣ ਦੀ ਸਾਂਝ ਰੱਖਣ। ਹਰ ਇਕ ਦਾ ਆਪਣਾ ਵਿਸ਼ੇਸ਼ ਪੇਸ਼ਾ ਵੀ ਵੱਖਰਾ ਹੈ। ਬੁੱਧ ਮੱਤ ਦੇ ਢਲ ਜਾਣ ਪਿੱਛੋਂ ਪੁਰਾਤਨ ਨਵੀਨ-ਬ੍ਰਾਹਮਣਵਾਦ ਨੇ ਜ਼ੋਰ ਫੜਿਆ, ਜਿਸ ਸਦਕਾ ਵਿਆਹ-ਸ਼ਾਦੀ ਅਤੇ ਖਾਣ-ਪੀਣ ਸੰਬੰਧੀ ਰੋਕਾਂ ਵਧੇਰੇ ਵਿਤਕਰੇ ਵਾਲੀਆਂ ਤੇ ਕਠੋਰ ਹੁੰਦੀਆਂ ਗਈਆਂ, ਸਗੋਂ ਭਿੱਟ ਤੇ ਛੂਤ-ਛਾਤ ਵਰਗੀਆਂ ਨਵੀਆਂ ਰੋਕਾਂ ਆ ਸ਼ਾਮਲ ਹੋਈਆਂ। ਇਸ ਤਰ੍ਹਾਂ ਜਾਤ-ਪਾਤੀ ਪ੍ਰਬੰਧ ਦੁਨੀਆਂ ਭਰ ਦੀਆਂ ਸੁਸਾਇਟੀਆਂ ਵਿੱਚੋਂ ਸਭ ਤੋਂ ਵੱਧ ਵਿਤਕਰੇ ਵਾਲਾ ਤੇ ਦਰਜਾ-ਬ-ਦਰਜੀ ਵਾਲਾ ਸਮਾਜ ਬਣ ਗਿਆ।ਇਹ ਪੜਚੋਲ ਸਪੱਸ਼ਟ ਤੌਰ ਉੱਤੇ ਜ਼ਾਹਰ ਕਰਦੀ ਹੈ ਕਿ ਭਾਰਤੀ ਸਮਾਜਿਕ ਵਿਕਾਸ ਨੂੰ ਸ਼ਕਲ ਦੇਣ ਅਤੇ ਧੱਕਣ ਵਾਲੀ ਕੋਈ ਨਿਰਾਲੀ ਤੇ ਜ਼ਬਰਦਸਤ ਸ਼ਕਤੀ ਸੀ, ਜੋ ਦੁਨੀਆਂ ਵਿੱਚ ਹੋਰ ਕਿਧਰੇ ਇਸ ਤਰ੍ਹਾਂ ਅਮਲ ਵਿੱਚ ਨਹੀਂ ਆਈ।

**ਸ: ਜਗਜੀਤ ਸਿੰਘ**

# ਸਿੱਖ ਸਮੱਸਿਆ

ਸਿੱਖ ਧਰਮ ਅੱਜ ਉਸੇ ਤਰ੍ਹਾਂ ਦੇ ਚੌਰਾਹਿਆਂ ਉੱਤੇ ਖੜਾ ਹੈ, ਜਿਸ ਤਰ੍ਹਾਂ ਬੁੱਧ ਧਰਮ ਨੌਂਵੀਂ ਸਦੀ ਦੇ ਅਰੰਭ ਵਿੱਚ ਖੜ੍ਹਾ ਸੀ। ਐਨ, ਜਿਵੇਂ ਬੋਧੀ ਅਤੇ ਉਨ੍ਹਾਂ ਦੇ ਧਰਮ-ਅਸਥਾਨ ਆਦਿ ਸ਼ੰਕਰਾਚਾਰੀਆ ਦੇ ਪ੍ਰਭਾਵ ਹੇਠ ਸੁਰਜੀਤ ਹੋ ਰਹੇ ਬ੍ਰਾਹਮਣੀ ਮਤ ਵੱਲੋਂ ਕੀਤੇ ਹਮਲਿਆਂ ਦਾ ਸ਼ਿਕਾਰ ਬਣੇ, ਇਵੇਂ ਹੀ ਸਿੱਖਾਂ ਉੱਤੇ ਤਕਰੀਬਨ ਉਸੇ ਢੰਗ ਦੀਆਂ ਤਾਕਤਾਂ ਵੱਲੋਂ ਹਮਲਾ ਹੋ ਰਿਹਾ ਹੈ। ਜੈਨ ਮਤ ਵੀ ਬੁੱਧ ਧਰਮ ਵਾਂਗ ਬਰਾਬਰ ਦੇ ਖਤਰੇ ਹੇਠ ਸੀ ਪਰ ਉਸ ਨੇ ਆਪਣੇ ਆਪ ਨੂੰ ਐਉਂ ਢਾਲ ਲਿਆ ਕਿ ਉਹ ਹਿੰਦੂ ਮਤ ਦੇ ਤਾਣੇ ਬਾਣੇ ਵਿੱਚ ਸਮੋ ਗਿਆ। ਬੁੱਧ ਮੱਤ ਭਾਰਤ ਦੀਆਂ ਹੱਦਾਂ ਤੋਂ ਬਾਹਰ ਫੈਲ ਚੁੱਕਾ ਸੀ। ਉਹ ਆਪਣੇ ਧਾਰਮਿਕ ਅਸੂਲਾਂ ਨੂੰ ਬਦਲ ਨਾ ਸਕਿਆ ਅਤੇ ਸਿੱਟੇ ਵਜੋਂ ਭਾਰਤ ਵਿਚੋਂ ਨਸ਼ਟ ਕਰ ਦਿੱਤਾ ਗਿਆ।ਅੱਜ, ਸਿੱਖ ਧਰਮ ਵੀ ਭਾਰਤ ਤੋਂ ਬਾਹਰ ਫੈਲ ਚੁੱਕਾ ਹੈ। ਹਿੰਦੂ ਮਤ ਦੇ ਘੇਰੇ ਵਿੱਚ ਲਿਆਉਣ ਲਈ ਲੋੜੀਂਦੀਆਂ ਤਬਦੀਲੀਆਂ ਇਸ ਨੂੰ ਵੀ ਪ੍ਰਵਾਨ ਨਹੀਂ। ਸੋ ਇਸ ਨੂੰ ਆਪਣਾ ਆਪ ਜੀਵਤ ਰੱਖਣ ਲਈ ਜੱਦੋ-ਜਹਿਦ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਇਹ ਘੋਲ ਹੋਰ ਕਠਿਨ ਹੋ ਗਿਆ ਜਦ ਇੰਦਰਾ ਗਾਂਧੀ ਦਾ ਨਿਸ਼ਾਨਾ ਇਸ ਧਰਮ ਨੂੰ ਮਲੀਆਮੇਟ ਕਰਨ ਦਾ ਬਣਿਆ।ਤਕਰੀਬਨ ਉਸੇ ਢੰਗ ਤੇ, ਜਿਸ ਤਰ੍ਹਾਂ ਇਕ ਸਮੇਂ ਬੁੱਧ ਮਤ ਦਾ ਭਾਰਤ ਵਿਚੋਂ ਵਿਨਾਸ਼ ਕੀਤਾ ਗਿਆ ਸੀ।ਮਹਾਤਮਾ ਗੌਤਮ ਬੁੱਧ ਨੂੰ ਸਿੱਖ ਗੁਰੂ ਸਾਹਿਬਾਨ ਵਾਂਗ ਬ੍ਰਾਹਮਣੀ ਮਤ ਵੱਲੋਂ ਡੂੰਘੀ ਦੁਸ਼ਮਣੀ ਮਿਲੀ ਕਿਉਂਕਿ ਉਨ੍ਹਾਂ ਨੇ ਬ੍ਰਾਹਮਣੀ ਜਾਤ-ਪਾਤ ਦੇ ਢਾਂਚੇ, ਪੁਜਾਰੀਵਾਦ ਅਤੇ ਕਰਮ-ਕਾਂਡ ਦੇ ਵਿਰੁੱਧ ਆਵਾਜ਼ ਉਠਾਈ। ਮਹਾਤਮਾ ਬੁੱਧ ਨੇ ਸਰਬ-ਸੰਸਾਰ ਦੀ ਭਾਈਵਾਲੀ ਅਤੇ ਬਰਾਬਰੀ ਦਾ ਜੋ ਸੰਦੇਸ਼ ਦਿੱਤਾ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕੁੱਝ ਸਮਾਂ ਪਿੱਛੋਂ, ਉਹ ਵਰਣ ਆਸ਼ਰਮ ਧਰਮ ਅਤੇ ਬ੍ਰਾਹਮਣੀ ਚੌਧਰ ਨੂੰ ਹੇਠੀ ਦਿਖਾਉਣ ਵਾਲਾ ਸਮਝਿਆ ਜਾਂਦਾ ਸੀ। ਨਾਲ ਹੀ ਮਹਾਤਮਾ ਬੁੱਧ ਨੇ ਅਤੇ ਪਿੱਛੋਂ ਗੁਰੂ ਨਾਨਕ ਦੇਵ ਜੀ ਨੇ ਵੀ ਆਮ ਲੋਕਾਂ ਦੀ ਪ੍ਰਚੱਲਿਤ ਬੋਲੀ, ਪ੍ਰਾਕ੍ਰਿਤ/ਪਾਲੀ ਅਤੇ ਪੰਜਾਬੀ ਵਿੱਚ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਆਪਣੀ ਲਿੱਪੀ, ਬ੍ਰਹਮੀ ਅਤੇ ਗੁਰਮੁਖੀ ਵੀ ਪ੍ਰਦਾਨ ਕੀਤੀ। ਇਸ ਦਾ ਮੰਤਵ ਸੰਸਕ੍ਰਿਤ ਦੀ ਇਕੱਲੀ ਸਰਦਾਰੀ ਨੂੰ ਤੋੜਨਾ ਅਤੇ ਬ੍ਰਾਹਮਣੀ ਪ੍ਰਬਲਤਾ ਦੀਆਂ ਜੜ੍ਹਾਂ ਉਤੇ ਕੁਹਾੜੀ ਮਾਰਨਾ ਸੀ।ਬੁੱਧ ਮਤ ਦੇ ਸੰਘ ਦੀ ਜਥੇਬੰਦੀ ਵਿੱਚ (ਸਿੱਖ ਧਰਮ ਵਿਚ ਸੰਗਤ ਦੇ ਸੰਕਲਪ ਵਾਂਗ) ਸਭ ਮਨੁੱਖਾਂ ਦੀ ਬਰਾਬਰੀ ਅਤੇ ਪ੍ਰਜਾਤੰਤਰੀ ਸਮਾਜਿਕ ਢਾਂਚੇ ਦੀ ਧਾਰਨਾ, ਬ੍ਰਾਹਮਣੀ ਉੱਚ ਜਾਤੀ ਦੀ ਸਮਾਜਿਕ ਬਣਤਰ ਦਾ ਤਿੱਖਾ ਵਿਰੋਧ ਕਰਦੇ ਸਨ। ਭਾਰਤ ਵਿਚ ਬੁੱਧ ਮੱਤ ਸਮਰਾਟ ਅਸ਼ੋਕ ਦੇ ਰਾਜ ਅਤੇ ਪਿੱਛੋਂ ਕੁਸ਼ਾਨ ਰਾਜ ਸਮੇਂ ਚੋਟੀ ਉੱਤੇ ਸੀ। ਉਸ ਤੋਂ ਪਿੱਛੋਂ ਗੁਪਤਾ ਵੰਸ਼ ਦੇ ਰਾਜ ਸਮੇਂ (ਜੋ ਹਿੰਦੂ ਮੱਤ ਦਾ ਸੁਨਹਿਰੀ ਸਮਾਂ ਗਿਣਿਆ ਜਾਂਦਾ ਹੈ) ਬ੍ਰਾਹਮਣੀ ਮੱਤ ਦੀ ਬੁੱਧ ਮੱਤ ਉੱਤੇ ਚੜ੍ਹ ਮਚ ਗਈ। ਬੋਧੀ ਸੰਘ, ਜੋ ਰਾਜਸੀ ਤਾਕਤ ਦੇ ਕੇਂਦਰ ਵੀ ਹੁੰਦੇ ਸਨ, ਦੀ ਤਾਕਤ ਨੂੰ ਕਮਜ਼ੋਰ ਕਰਨ ਹਿਤ ਉਨ੍ਹਾਂ 'ਤੇ ਜ਼ੋਰਦਾਰ ਹੱਲੇ ਹੋਣ ਲੱਗ ਗਏ। ਮਹਾਤਮਾ ਬੁੱਧ ਅਤੇ ਬੋਧੀਆਂ ਬਾਰੇ ਜ਼ਹਿਰੀਲੀਆਂ, ਕੌੜੀਆਂ ਅਤੇ ਸਖਤ ਨੁਕਤਾਚੀਨੀਆਂ ਹੋਣ ਲੱਗ ਪਈਆਂ ਜਿਨ੍ਹਾਂ ਨੇ ਕੁੱਝ ਸਿਮਰਤੀਆਂ, ਪੁਰਾਨਾਂ ਅਤੇ ਹੋਰ (ਟਕਸਾਲੀ) ਗ੍ਰੰਥਾਂ ਵਿਚ(ਮੰਨੂੰ, ਚਾਣਕੀਆ ਆਦਿ ਦੇ ਗ੍ਰੰਥਾਂ ਸਮੇਤ) ਨਫਰਤ ਦੀ ਜੰਗ ਦਾ ਰੂਪ ਲੈ ਲਿਆ। ਉਦਾਹਰਣ ਲਈ ਮਹਾਤਮਾ ਬੁੱਧ ਨੇ ਮੰਘੇਰ ਨੇੜੇ ਹੜੱਬਾ ਵਿੱਚ ਸਰੀਰ ਤਿਆਗਿਆ ਸੀ। ਬ੍ਰਾਹਮਣ ਪ੍ਰਚਾਰ ਕਰਨ ਲੱਗ ਪਏ ਕਿ ਜਿਸ ਦੀ ਮ੍ਰਿਤੂ ਹੜੰਬਾ ਜਾਂ ਮੰਘੇਰ ਵਿਚ ਹੋਵੇ, ਉਹ ਸਿੱਧਾ ਨਰਕ ਨੂੰ ਜਾਵੇਗਾ ਜਾਂ ਮੁੜਕੇ ਖੋਤੇ ਦੀ ਜੂਨ ਪਵੇਗਾ।ਇਸ ਨਫਰਤ ਨੇ ਕਈ ਰੂਪ ਧਾਰਨ ਕਰ ਲਏ, ਖਾਸ ਕਰਕੇ ਬੋਧੀਆਂ ਅਤੇ ਉਨ੍ਹਾਂ ਦੇ ਧਰਮ ਅਸਥਾਨਾਂ ਉੱਤੇ ਚਲ ਰਹੇ ਅਤੇ ਚੁਣ ਚੁਣ ਕੇ ਕੀਤੇ ਹੱਲੇ। ਇਕ ਤਾਂ ਬ੍ਰਾਹਮਣਾਂ ਨੇ ਬੋਧੀ ਸੰਘਾਂ ਵਿੱਚ ਸ਼ਾਮਲ ਹੋ ਕੇ ਬੁੱਧ ਮੱਤ ਨੂੰ ਇਸ ਵਿਚ ਤਾਂਤ੍ਰਿਕ ਤੱਤਾਂ ਆਦਿ ਦੀ ਮਿਲਾਵਟ ਪਾ ਕੇ ਅੰਦਰੋਂ ਢਾਹ ਲਾਉਣੀ ਅਰੰਭ ਦਿੱਤੀ। ਦੂਜਾ ਬ੍ਰਾਹਮਣਾਂ ਨੇ ਹੂਨ ਅਤੇ ਮੁੱਢਲੇ ਕੁਸ਼ਾਨ ਪ੍ਰਦੇਸੀ ਹਮਲਾਵਰਾਂ ਨਾਲ ਮਿਲਕੇ ਬੋਧੀ ਤਾਕਤ ਦੀਆਂ ਜੜ੍ਹਾਂ ਉੱਤੇ ਸੱਟ ਮਾਰਨ ਤੋਂ ਵੀ ਝਿਜਕ ਨਹੀਂ ਕੀਤੀ ਜਿਵੇਂ ਕਿ ਬ੍ਰਾਹਮਣਾਂ ਨੇ ਹਮਲਾਵਰ ਮਿਹਰਗੁੱਲ ਦਾ ਸਾਥ ਦਿੱਤਾ, ਜਿਸ ਨੇ ਨਾ ਕੇਵਲ ਸੈਵ ਮੰਦਰ ਹੀ ਉਸਾਰੇ, ਆਪਣੇ ਰਾਜ ਵਿੱਚ ਬੋਧੀ ਧਰਮ ਅਸਥਾਨਾਂ ਅਤੇ ਮੱਠਾਂ ਨੂੰ ਵੀ ਬਰਬਾਦ ਕਰ ਦਿੱਤਾ। ਪੰਜਵੀਂ ਸਦੀ ਵਿਚ ਫਾਹਿਆਨ ਦੇ ਆਉਣ ਸਮੇਂ ਤੱਕ ਕਪਿਲਵਸਤੂ ਸ਼ਹਿਰ ਇਕ ਜੰਗਲ ਬਣ ਚੁੱਕਾ ਸੀ ਅਤੇ ਗਯਾ ਬਰਬਾਦ ਹੋ ਕੇ ਉਜਾੜ ਹੋ ਗਿਆ ਸੀ। ਸੈਵਾਇਤ ਬ੍ਰਾਹਮਣੀ ਮੱਤ ਦੇ ਬੰਗਾਲੀ ਰਾਜਾ ਸਾਸੰਕ ਨੇ ਬੋਧੀਆਂ ਵਿਰੁੱਧ ਢਾਹ-ਢੇਰੀ ਕਰਦਿਆਂ ਪਾਟਲੀਪੁਤਰ ਵਿਚ ਮਹਾਤਮਾ ਬੁੱਧ ਦੇ ਚਰਨ-ਚਿੰਨ੍ਹ ਮਿਟਾ ਦਿੱਤੇ, ਬੋਧੀ ਬ੍ਰਿਛ ਜਿਸ ਹੇਠ ਬੈਠ ਕੇ ਬੁਧ ਜੀ ਨੇ ਉਪਾਸ਼ਨਾ ਕੀਤੀ ਸੀ, ਉਹ ਸਾੜ ਦਿੱਤਾ ਅਤੇ ਕਈ ਮੱਠ ਤਬਾਹ ਕਰਕੇ ਉਨ੍ਹਾਂ ਦੇ ਸਾਧੂਆਂ ਨੂੰ ਐਧਰ ਓਧਰ ਖਿੰਡਾ ਦਿੱਤਾ।ਉਸ ਤੋਂ ਅਗਲੇ ਸੌ ਸਾਲਾਂ ਵਿਚ ਸਮਾਜ ਵੱਲੋਂ ਵੈਰ ਅਤੇ ਲਗਾਤਾਰ ਮਾਰ-ਧਾੜ ਕਾਰਨ ਬਹੁਤ ਸਾਰੇ ਬੋਧੀ ਸਾਧੂ ਅਤੇ ਜਨ-ਸਧਾਰਨ ਚੀਨ ਤੇ ਪੂਰਬੀ ਏਸ਼ੀਆ ਦੇ ਦੇਸ਼ਾਂ ਨੂੰ ਚਲੇ ਗਏ।ਜਵਾਹਰ ਲਾਲ ਨਹਿਰੂ ਨੇ ਸੰਨ 526 ਵਿੱਚ ਵਾਪਰੀ ਇਕਅਜਿਹੀ ਪ੍ਰਦੇਸਾਂ ਵੱਲ ਜਾਣ ਦੀ ਲਹਿਰ ਦਾ ਜ਼ਿਕਰ ਕੀਤਾ ਹੈ ਜਦ ਭਾਰਤੀ ਬੁੱਧ ਮੱਤ ਦੇ ਮਹਾਨ ਸਰਪ੍ਰਸਤ, ਬੋਧੀ ਧਰਮਾਂ, ਹੋਰ ਬੋਧੀ ਸਾਧੂਆਂ ਨਾਲ ਦੱਖਣੀ ਭਾਰਤ ਤੋਂ ਚੀਨ ਦੇ ਕੈਂਟਨ ਸ਼ਹਿਰ ਵੱਲ ਸਮੁੰਦਰੀ ਜਹਾਜ਼ ਰਾਹੀਂ ਗਏ। ਨਹਿਰੂ ਨੇ ਇਹ ਵੀ ਦੱਸਿਆ ਹੈ ਕਿ "ਉਸ ਸਮੇਂ ਚੀਨ ਦੇ ਇਕ ਸੂਬੇ ਲਾਉਗੈਂਗ ਵਿੱਚ ਹੀ 3000 ਭਾਰਤੀ ਮਹਾਤਮਾ ਅਤੇ 10,000 ਭਾਰਤੀ ਪਰਿਵਾਰਾਂ ਨਾਲੋਂ ਵੱਧ ਰਹਿੰਦੇ ਸਨ।" ਉਹ ਸਾਰੇ ਲੋਕ ਅਤੇ ਹੋਰ ਜੋ ਉਨ੍ਹਾਂ ਪਿੱਛੇ ਚੀਨ, ਤਿੱਬਤ ਜਾਂ ਕੋਰੀਆ ਅਤੇ ਜਾਪਾਨ ਵੱਲ ਗਏ, ਬ੍ਰਾਹਮਣੀ ਮੱਤ ਦੇ ਅੱਤਿਆਚਾਰਾਂ ਤੋਂ ਆਪਣੀ ਤਬਾਹੀ ਦੇ ਖਤਰੇ ਕਾਰਨ ਭੱਜ ਕੇ ਗਏ ਸਨ। ਸਮਰਾਟ ਹਰਸ਼ ਹੇਠ ਬੁੱਧ ਮਤ ਥੋੜ੍ਹਾ ਕੁ ਸੁਰਜੀਤ ਹੋਇਆ। ਪਰ ਇਸ ਪਿੱਛੋਂ ਇਸ ਦਾ ਵਕਾਰ ਲਗਾਤਾਰ ਘਟਦਾ ਗਿਆ। ਸੰਨ 648 ਵਿੱਚ ਹਰਸ਼ ਦੀ ਮੌਤ ਨਾਲ ਬਾਹਮਣ-ਬੋਧੀ ਟਾਕਰਾ ਸਖਤ ਹੋ ਗਿਆ ਅਤੇ ਇਸੇ ਕਾਰਨ ਉਤਰੀ ਭਾਰਤ ਵਿਚ ਰਾਜਸੀ ਅਧੋਗਤੀ ਆ ਗਈ। ਛੋਟੇ ਰਜਵਾੜੇ ਅਤੇ ਰਾਜਿਆਂ ਦੇ ਵੰਸ਼ ਉਭਰ ਆਏ, ਜਿਨ੍ਹਾਂ ਨੇ ਹਿੰਦੁ ਮੱਤ ਨੂੰ ਸੁਰਜੀਤ ਕਰਨ ਦਾ ਪੱਖ ਲਿਆ।ਇਸ ਸਮੇਂ ਵਿਚ ਅਰਬੀ ਹਮਲਾਵਰਾਂ ਨਾਲ ਇਸਲਾਮ ਮੌਤ ਦਾ ਆਗਮਨ ਵੀ ਹੋਇਆ। ਇਸ ਨਾਲ ਬੋਧੀਆਂ ਨੂੰ ਆਪਣੀ ਥਾਂ ਮੁੜ ਪ੍ਰਾਪਤ ਕਰਨ ਦਾ ਅਵਸਰ ਮਿਲ ਗਿਆ। ਜਿਵੇਂ ਸਮਕਾਲੀ ਚਚਨਾਮਾ ਵਿੱਚ ਦੱਸਿਆ ਹੈ, ਬੋਧੀਆਂ ਨੇ ਮੁਹੰਮਦ ਬਿਨ ਕਾਸਮ ਨੂੰ ਸੰਨ 710 ਵਿੱਚ ਸਿੰਧ ਫਤਹਿ ਕਰਨ ਲਈ ਸਹਾਇਤਾ ਦਿੱਤੀ। ਇਸ ਤੋਂ ਇਸ ਗੱਲ ਦੀ ਝਲਕ ਮਿਲਦੀ ਹੈ ਕਿ ਅਰਬੀਆਂ ਅਤੇ ਬੋਧੀਆਂ ਵਿਚ ਲੰਮੇ-ਚੌੜੇ ਮੇਲ-ਜੋਲ ਸਨ ਅਤੇ ਦੋਹਾਂ ਦੇ ਆਪਸ ਵਿਚ ਸਮਾਜਿਕ ਲੈਣ ਦੇਣ ਵੀ ਹੁੰਦੇ ਸਨ। ਹਿਊਨਸਾਂਗ ਦੱਸਦਾ ਹੈ ਕਿ ਉਸ ਸਮੇਂ ਈਰਾਨ, ਮੌਸੂਲ ਅਤੇ ਖੁਰਾਸਾਨ, ਇਰਾਕ ਜਾਂ ਮੈਸੋਪੋਤਾਮੀਆ ਵਿੱਚ ਤੋੜ ਸਿਰੀਆ ਦੀ ਹੱਦ ਤੱਕ ਬੋਧੀ ਮੱਠ ਬਣੇ ਹੋਏ ਸਨ। ਬੋਧੀਆਂ ਨੇ ਵੇਖਿਆ ਕਿ ਉਨ੍ਹਾਂ ਦੇ ਪ੍ਰਜਾਤੰਤਰੀ ਅਤੇ ਸਮਾਜਿਕ ਬਰਾਬਰੀ ਜਿਹੇ ਅਸੂਲ ਅਰਬੀਆਂ ਦੇ ਇਸਲਾਮ ਵਿਚ ਵੀ ਕਾਫੀ ਤੌਰ 'ਤੇ ਹਨ ਅਤੇ ਇਸ ਕਰਕੇ ਉਸ ਸਮੇਂ ਭਾਰਤ ਵਿਚ ਇਸਲਾਮ ਅਤੇ ਬੁੱਧ ਮੱਤ ਵਿਚਕਾਰ ਖੁਸ਼ਗਵਾਰੀ ਵੱਧ ਰਹੀ ਸੀ।ਅੱਠਵੀਂ ਸਦੀ ਦੇ ਪਿਛਲੇ ਭਾਗ ਅਤੇ ਨੌਂਵੀਂ ਸਦੀ ਦੇ ਪਹਿਲੇ ਸਮੇਂ ਵਿੱਚ ਆਦਿ ਸ਼ੰਕਰਾਚਾਰੀਆ ਦੀ ਚੜ੍ਹਤ ਨਾਲ ਬ੍ਰਾਹਮਣ-ਬੋਧੀ ਟੱਕਰ ਮੁੜ ਸਖਤ ਹੋ ਗਈ, ਸਗੋਂ ਬੁੱਧ ਮੱਤ ਉੱਤੇ ਪੂਰੇ ਜ਼ੋਰ ਸ਼ੋਰ ਨਾਲ ਮਾਰ ਧਾੜ ਹੋਣ ਲੱਗ ਗਈ। ਬੋਧੀ ਸੰਘ ਭੋਜਨ ਵਾਸਤੇ ਪਸ਼ੂਆਂ ਨੂੰ ਮਾਰਨ ਤੋਂ ਘਿਰਣਾ ਕਰਦੇ ਸਨ।ਹਰਸ਼ ਦੇ ਰਾਜ ਸਮੇਂ ਖਾਣ ਵਾਸਤੇ ਪਸ਼ੂਆਂ ਨੂੰ ਮਾਰਨ ਦੀ ਮਨਾਹੀ ਦਾ ਸਰਕਾਰੀ ਹੁਕਮ ਵੀ ਹੋਇਆ ਸੀ ਅਤੇ ਇਸ ਨੇ ਸ਼ੰਕਰਾਚਾਰੀਆ ਦੇ ਅਨੁਯਾਈ ਬ੍ਰਾਹਮਣਾਂ ਨੂੰ (ਜੋ ਉਸ ਸਮੇਂ ਗਊ-ਮਾਸ ਬਹੁਤ ਸਵਾਦ ਨਾਲ ਖਾਂਦੇ ਸਨ) ਬੋਧੀਆਂ ਅਤੇ ਮੱਠਾਂ ਉਤੇ ਲੰਡੀਬੁਚੀ ਇਕੱਠੇ ਕਰਕੇ ਧਾਵੇ ਬੋਲਣ ਦਾ ਬਹਾਨਾ ਦੇ ਦਿੱਤਾ। ਦੂਜਾ, ਪਤਨ ਹੋ ਚੁੱਕੇ ਸਮਾਜ ਵਿੱਚ ਬੋਧੀ ਮੱਠ ਅਮੀਰ ਅਤੇ ਦੌਲਤਮੰਦ ਹੋਣ ਕਰਕੇ ਲੁੱਟਮਾਰ ਦਾ ਨਿਸ਼ਾਨਾ ਬਣ ਗਏ। ਸਿੱਟੇ ਵਜੋਂ ਵੱਡੇ ਆਕਾਰ ਵਿਚ ਬੁਰਛਾਗਰਦੀ ਹੋਣ ਲੱਗੀ, ਬੋਧੀਆਂ ਦੀ ਆਪਣੀ ਜਾਇਦਾਦ, ਬੋਧੀ ਮੱਠ, ਬੁਰਜ, ਉਨ੍ਹਾਂ ਦੀਆਂ ਮੂਰਤੀਆਂ ਅਤੇ ਬੁਤ ਬਰਬਾਦ ਕੀਤੇ ਗਏ।ਆਪ ਸ਼ੰਕਰਾਚਾਰੀਆ ਨੇ ਆਂਧਰਾ ਪ੍ਰਦੇਸ਼ ਵਿੱਚ ਨਾਗਰਜੁਨਾਕੋਂਡਾ ਦੇ ਸੈਂਕੜੇ ਬੋਧੀ ਮਾਰੇ ਅਤੇ ਜਿਵੇਂ ਏ. ਐਚ. ਲਾਂਗਹਰਸਟ ਨੇ ਲਿਖਿਆ ਹੈ, "ਉਸ ਨੇ ਉਥੋਂ ਦੇ ਬੋਧੀ ਮੰਦਰਾਂ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ।" ਨਾਗਰਜੁਨਾ ਇਕ ਮਹਾਨ ਬੋਧੀ ਪ੍ਰਚਾਰਕ ਸੀ ਅਤੇ "ਨਾਗਰਜੁਨਾਕੋਂਡਾ ਦੱਖਣੀ ਭਾਰਤ ਵਿੱਚ ਇਕ ਸਭ ਤੋਂ ਵੱਡੀਆਂ ਅਤੇ ਸਭ ਤੋਂ ਵੱਧ ਮਹੱਤਵਪੂਰਨ ਬਸਤੀਆਂ ਵਿਚੋਂ ਸੀ।" ਉਸ ਦੇ ਪਿੱਛੋਂ ਸ਼ੰਕਰਾਚਾਰੀਆ ਲੁਟੇਰਿਆਂ ਦੀ ਟੋਲੀ ਨੂੰ ਪਿੱਛੇ ਲਾ ਕੇ ਗਯਾ ਦੇ ਮਹਾਂਬੋਧੀ ਮੰਦਰ ਵੱਲ ਲੈ ਗਿਆ ਅਤੇ ਉਹਨਾਂ ਨੇ ਉਥੇ ਬੋਧੀ ਮੱਠਾਂ ਅਤੇ ਬੁਰਜਾਂ ਦੀ ਬੜੀ ਵੱਡੀ ਤਬਾਹੀ ਮਚਾਈ। ਬ੍ਰਾਹਮਣਾਂ ਨੇ ਉਹ ਮੰਦਰ ਆਪਣੇ ਕਬਜ਼ੇ ਵਿਚ ਲੈ ਲਿਆ।ਸ਼ੰਕਰਾਚਾਰੀਆ ਦੇ ਮੂੰਹ ਲਹੂ ਲੱਗ ਗਿਆ ਹੋਣ ਕਰਕੇ ਉਹ ਇਸੇ ਇਰਾਦੇ ਵਾਲੀ ਟੋਲੀ ਨੂੰ ਹਿਮਾਲਯਾ ਵੱਲ ਲੈ ਤੁਰਿਆ।ਹੁਣ ਨਿਸ਼ਾਨਾ ਸੀ ਬਦਰੀਨਾਥ ਵਿਚ ਸਥਾਪਤ ਬੋਧੀ ਕੇਂਦਰ। ਉਸ ਦੇ ਅੱਗੇ ਅੱਗੇ ਉਸ ਦਾ ਪੂਰੀ ਤਬਾਹੀ ਕਰਨ ਵਾਲਾ ਹੋਣ ਦੀ ਮਸ਼ਹੂਰੀ ਕੀਤੀ ਜਾ ਰਹੀ ਸੀ। ਸੋ, ਬੋਧੀਆਂ ਨੇ ਬਦਰੀਨਾਥ ਛੱਡ ਜਾਣ ਦਾ ਇਰਾਦਾ ਕਰ ਲਿਆ। ਉਹਨਾਂ ਨੇ ਮੰਦਰ ਵਿਚ ਸਥਾਪਤ ਦੇਵ ਮੂਰਤੀ ਨੂੰ ਹੇਠਾਂ ਵਗ ਰਹੇ ਅਲਕਨੰਦਾ ਦਰਿਆ ਵਿੱਚ ਪ੍ਰਵਾਹ ਕਰ ਦਿੱਤਾ ਅਤੇ ਆਪ ਤਿੱਬਤ ਵੱਲ ਨਿਕਲ ਗਏ। ਬ੍ਰਾਹਮਣਾਂ ਨੇ ਮੰਦਰ 'ਤੇ ਕਬਜ਼ਾ ਕਰ ਲਿਆ। ਕਈ ਇਤਿਹਾਸਕਮਹੱਤਤਾ ਵਾਲੇ ਪੁਰਾਤਨ ਅਸਥਾਨਾਂ ਵਿਚ ਇਸ ਮੰਦਰ ਦੀ ਮਹੱਤਤਾ ਨੂੰ ਸਮਝਦਿਆਂ ਸ਼ੰਕਰਾਚਾਰੀਆ ਨੇ ਇਸ ਮੰਦਰ ਨੂੰ ਬ੍ਰਾਹਮਣੀ ਮਤ ਦੇ ਇਕ ਕੇਂਦਰ ਦੇ ਤੌਰ 'ਤੇ ਨਾਮ ਦੇ ਦਿੱਤਾ।ਜਦ ਸੈਵ ਮੱਤ ਨੇ ਫੌਜੀ ਤਾਕਤ ਰਾਹੀਂ ਆਪਣੀ ਚੜ੍ਹਤ ਜਮਾਅ ਲਈ ਤਾਂ ਬੋਧੀ ਜਾਇਦਾਦ ਅਤੇ ਉਨ੍ਹਾਂ ਦੇ ਪੂਜਾ ਅਸਥਾਨਾਂ ਦਾ, ਖਾਸਕਰ ਦੱਖਣੀ ਅਤੇ ਮੱਧ ਭਾਰਤ ਵਿੱਚ ਅਜਿਹਾ ਹੀ ਹਾਲ ਹੋਇਆ। ਸ਼ੰਕਰਾਚਾਰੀਆ ਦਾ ਲੰਮੇਂ ਚੌੜੇ ਸਫਰ ਕਰਕੇ ਬੋਧੀ ਕੇਂਦਰਾਂ ਨੂੰ ਬ੍ਰਾਹਮਣੀ ਕੇਂਦਰਾਂ ਵਿਚ ਬਦਲ ਦੇਣਾ, ਜਿਵੇਂ ਕਿ ਉੱਤਰ ਵਿੱਚ ਬਦਰੀਨਾਥ, ਦੱਖਣ ਵਿੱਚ ਸਿੰਗਰੀ (ਅਤੇ ਕਾਂਚੀਪੁਰਮ), ਪੂਰਬ ਵਿਚ ਪੁਰੀ ਅਤੇ ਪੱਛਮ ਵਿੱਚ ਦਵਾਰਕਾ ਦੇ ਮੱਠ, ਉਸ ਦੀ ਬੁੱਧ ਮੱਤ ਦੇ ਵਿਰੁੱਧ ਡੂੰਘੀ ਚੌਤਰਫੀ ਖਾੜਕੂ ਮੁਹਿੰਮ ਸੀ।ਫਲਸਰੂਪ ਬੁੱਧ ਮੱਤ ਭਾਰਤ ਵਿਚੋਂ ਤਕਰੀਬਨ ਗਾਇਬ ਹੀ ਹੋ ਗਿਆ। ਅਗਲੀਆਂ ਦੋ ਸਦੀਆਂ ਸਮੇਂ, ਜਿਸ ਨੂੰ ਠੀਕ ਹੀ ਹਨੇਰਾ-ਯੁੱਗ ਕਿਹਾ ਜਾਂਦਾ ਹੈ, ਬੁੱਧ ਮੱਤ ਬਿਲਕੁਲ ਖਤਮ ਹੋ ਜਾਣ ਤੋਂ ਪਹਿਲਾਂ ਕਿਤੇ ਕਿਤੇ ਟਿਮ-ਟਿਮਾਉਂਦਾ ਰਿਹਾ।ਇਹ ਹੈ ਬ੍ਰਾਹਮਣਵਾਦੀ ਜੁਲਮਾਂ ਦੀ ਇਤਿਹਾਸਕ ਵਾਰਤਾ।

**ਡਾ. ਸੰਗਤ ਸਿੰਘ**

# Commemoration of the Foundation of Sachkhand Sri Harmandir Sahib

Sachkhand Sri Harmandir Sahib, also known as Sri Darbar Sahib, Sri Amritsar Sahib, is the most sacred and central religious shrine of Sikhism. It is not merely a building or a place of pilgrimage; rather, it is a living symbol of Sikh spiritual, social, religious, and humanitarian philosophy. The establishment of Sachkhand Sri Harmandir Sahib reflects the farsighted vision of the Sikh Gurus, the message of equality, and the spirit of Sarbat da Bhala (welfare of all). Background of the Establishment of Sri Amritsar SahibThe city of Sri Amritsar Sahib was founded in 1577 CE by the Fourth Sikh Guru, Guru Ram Das Ji. Guru Ram Das Ji envisioned this place as a spiritual center.The excavation of the sacred sarovar was carried out by Sikh congregations with deep devotion and love. Many devoted Sikhs contributed their voluntary service (seva) to this sacred task.Later, this sarovar came to be known as the Amrit Sarovar, from which the name "Amritsar" became widely known. This sarovar is not merely a reservoir of water; it symbolizes spiritual purification, remembrance of the Divine Name (Naam Simran), and inner cleansing. Establishment of Sachkhand Sri Harmandir SahibThe Fifth Sikh Guru, Guru Arjan Dev Ji, completed the great task of establishing Sachkhand Sri Harmandir Sahib. According to Sikh history, in 1588 CE, Guru Arjan Dev Ji had the foundation stone laid by the Muslim Sufi saint Hazrat Mian Mir Ji. This historic event reflects the universal and inclusive outlook of Sikhism, emphasizing that religion exists to unite humanity, not divide it.In 1604 CE, Guru Arjan Dev Ji installed the Adi Sri Guru Granth Sahib at this sacred shrine. Baba Buddha Ji was appointed as the first Granthi. Architecture and Unique DesignThe architecture of Sachkhand Sri Harmandir Sahib is unique and deeply symbolic. The shrine is built at a level lower than the surrounding ground, representing humility. While many religious structures are built on elevated platforms, Sri Harmandir Sahib conveys the message that one must bow in humility to enter.The shrine has four entrances, symbolizing openness to people of all religions, castes, social backgrounds, genders, and nations. This principle aligns with the Sikh belief expressed in Gurbani:

"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ।।"

The location of the shrine in the center of the sarovar represents spiritual centrality and the continuous cycle of Divine remembrance. Gurbani and Sachkhand Sri Harmandir SahibSachkhand Sri Harmandir Sahib is not merely a physical structure but a center of Gurbani. Continuous recitation and singing of Gurbani (Kirtan) is an essential part of Sikh spiritual life here. Guru Arjan Dev Ji states:

"ਹਰਿਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ।।"



This verse conveys that the true Harimandir exists within the human body, where the jewel of divine knowledge is revealed. Installation of Adi Sri Guru Granth SahibThe installation of the Adi Sri Guru Granth Sahib in 1604 CE marks a significant milestone in Sikh history. Through this act, Sikhism received a stable and eternal spiritual foundation in the form of a living scripture. Guru Arjan Dev Ji included the hymns of Bhagats such as Bhagat Kabir Ji, Bhagat Namdev Ji, Bhagat Ravidas Ji, and others, thereby establishing the principles of inclusiveness, equality, and universal spirituality within Sikhism. Sachkhand Sri Harmandir Sahib and the Langar Tradition The Langar tradition associated with Sri Darbar Sahib is a living example of Sikh social philosophy. People from all backgrounds sit together in a single row and are served food without any discrimination. This tradition is rooted in Guru Nanak Dev Ji's principle of "Vand Chhako" sharing with others. Significance in Sikh HistorySachkhand Sri Harmandir Sahib has witnessed numerous trials and struggles throughout Sikh history. From the invasions of Ahmad Shah Abdali, the Misl period, the reign of Maharaja Ranjit Singh, to the tragic events of June 1984, this sacred shrine has continuously served as a source of unity and resilience for the Sikh community. Maharaja Ranjit Singh adorned the shrine with gold, further enhancing its spiritual and historical significance. Significance in the Modern EraIn the contemporary world, Sachkhand Sri Harmandir Sahib remains the spiritual center for Sikhs across the globe. Every day, hundreds of thousands of devotees bow in reverence at this sacred site. The shrine continues to spread the universal message of peace, tolerance, humility, and the welfare of all humanity. The Soul of Sikhism Sachkhand Sri Harmandir Sahib is the soul of Sikhism. Its establishment is the result of the profound vision of the Sikh Gurus, who sought to guide humanity toward unity, humility, and truth. This sacred shrine reminds us that true religion lies in service, equality, and love. Sachkhand Sri Harmandir Sahib eternally conveys the message of Sarbat da Bhala—the welfare of all.

**Gurpreet Singh Editor, Khalsa Newspaper**

# ਹੋਇ ਇਕਤ੍ਰ ਮਿਲਹੁ ਮੇਰੇ ਭਾਈ

ਇਹ ਗੱਲ ਬਾਰ-ਬਾਰ ਚੇਤੇ ਰੱਖਣ ਦੀ ਲੋੜ ਹੈ ਕਿ ਗੁਰਬਾਣੀ ਅਨੁਸਾਰ, ਅਕਾਲ-ਪੁਰਖ ਵਾਹਿਗੁਰੂ ਇਨਸਾਨੀ ਸੂਰਤ ਵਾਂਗ ਕੋਈ ਹਸਤੀ ਨਹੀਂ ਹੈ, ਸਗੋਂ ਉਹ ਤਾਂ ਇੱਕ ਜੋਤਿ ਹੈ ਜੋ ਹਰ ਥਾਂ ਵਿਆਪਕ ਹੈ। ਅਕਾਲ ਪੁਰਖ ਦਾ ਨਾ ਕੋਈ ਰੂਪ ਹੈ, ਨਾ ਰੰਗ, ਨਾ ਜਾਤ ਤੇ ਨਾ ਹੀ ਕੋਈ ਪਾਤ। ਉਹ ਕਿਸੇ ਤੋਂ ਡਰਦਾ ਨਹੀਂ ਤੇ ਨਾ ਕਿਸੇ ਨਾਲ ਵੈਰ ਕਰਦਾ ਹੈ। ਉਸ ਦਾ ਸਰੂਪ ਸਮੇਂ ਨਾਲ ਬਦਲਦਾ ਨਹੀਂ ਤੇ ਨਾ ਹੀ ਉਹ ਜੂਨਾਂ ਵਿੱਚ ਆਉਂਦਾ ਹੈ ਤੇ ਉਸਦਾ ਪ੍ਰਕਾਸ਼ ਆਪਣੇ-ਆਪ ਤੋਂ ਹੋਇਆ ਹੈ। ਮੂਲਮੰਤਰ ਵਿੱਚ ਅਕਾਲ ਪੁਰਖ ਵਾਹਿਗੁਰੂ ਦਾ ਵਰਣਨ ਕਰਨ ਉਪਰੰਤ ਗੁਰੂ ਸਾਹਿਬ ਨੇ ਪ੍ਰਾਪਤੀ ਦਾ ਢੰਗ ਵੀ ਦੱਸਿਆ ਹੈ-'ਗੁਰਪ੍ਰਸਾਦਿ'-ਭਾਵ ਅਜਿਹਾ ਵਾਹਿਗੁਰੂ ਗੁਰੂ ਦੀ ਕਿਰਪਾ ਸਦਕਾ ਪ੍ਰਾਪਤ ਹੋ ਸਕਦਾ ਹੈ।ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਡਾ ਗੁਰੂ ਕੌਣ ਹੈ ਤੇ ਗੁਰੂ ਦੀ ਕਿਰਪਾ ਕਿਵੇਂ ਪ੍ਰਾਪਤ ਹੋ ਸਕਦੀ ਹੈ? ਸਿੱਖਾਂ ਨੂੰ ਗੁਰੂ ਦਸ਼ਮੇਸ਼ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਇਹ ਗੱਲ ਸਪੱਸ਼ਟ ਹੈ ਕਿ ਸਿੱਖ ਜਗਤ ਦਾ ਗੁਰੂ-ਗੁਰੂ ਗ੍ਰੰਥ ਸਾਹਿਬ ਜੀ ਹੀ ਹਨ-ਕੋਈ ਦੇਹਧਾਰੀ, ਕੋਈ ਸੰਤ ਜਾਂ ਪੀਰ, ਭਾਵੇਂ ਉਹ ਕਿੱਡੀ ਵੀ ਉੱਚੀ ਅਵਸਥਾ ਵਾਲਾ ਹੋਵੇ-ਸਾਡੇ ਲਈ ਸਨਮਾਨਯੋਗ ਤਾਂ ਹੋ ਸਕਦਾ ਹੈ ਪਰ ਗੁਰੂ ਨਹੀਂ। ਗੁਰੂ ਪਦ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਲਈ ਹੀ ਹੈ ਅਤੇ ਸਾਡਾ ਗੁਰੂ 'ਸ਼ਬਦ ਰੂਪ' ਹੀ ਹੈ।ਅਸਲੀ ਗੱਲ ਕਿ ਗੁਰੂ ਦੀ ਕਿਰਪਾ ਕਿਵੇਂ ਪ੍ਰਾਪਤ ਕੀਤੀ ਜਾਵੇ? ਗੁਰੂ ਤਾਂ ਸ਼ਬਦ ਹੈ ਤੇ ਸ਼ਬਦ ਦੀ ਕਿਰਪਾ ਕਿਵੇਂ ਮਿਲ ਸਕਦੀ ਹੈ। ਦੇਹਧਾਰੀ ਸੰਤ ਜਾਂ ਹੋਰ ਕੋਈ ਮੱਥਾ ਟਿਕਾਉਣ ਵਾਲਾ ਸੰਤ ਹੋਵੇ ਤੇ ਤਾਂ-ਕੁੱਝ ਪੈਸਾ ਧੇਲਾ ਚੜ੍ਹਾ ਕੇ, ਸੋਨੇ ਦੀਆਂ ਵਾਲੀਆਂ ਦੇ ਕੇ ਜਾਂ ਫਿਰ ਚਮਚਾਗਿਰੀ ਕਰਕੇ ਹੀ ਖੁਸ਼ ਕਰ ਲਈਏ ਪਰ ਸ਼ਬਦ ਗੁਰੂ ਮੂਹਰੇ ਨਾ ਤਾਂ ਪੈਸੇ-ਟਕੇ ਦੀ ਸੇਵਾ ਪ੍ਰਵਾਨ ਹੈ ਤੇ ਨਾ ਹੀ ਚਮਚਾਗਿਰੀ ਦੀ।ਭਈ, ਫਿਰ ਗੁਰੂ ਨੂੰ ਕਿਵੇਂ ਰਿਝਾਈਏ। ਗੁਰੂ ਦੀ ਮਿਹਰ, ਗੁਰੂ ਦੀ ਕਿਰਪਾ, ਗੁਰੂ ਦਾ ਪ੍ਰਸਾਦਿ ਕਿਵੇਂ ਪ੍ਰਾਪਤ ਕਰੀਏ?ਸਵਾਲ ਔਖਾ ਹੈ, ਚਲੋ ਗੁਰੂ ਗ੍ਰੰਥ ਸਾਹਿਬ ਜੀ ਨਾਲ ਗੱਲਾਂ ਕਰਦੇ ਹਾਂ ਤੇ ਸਵਾਲ ਵੀ ਪੁੱਛਦੇ ਹਾਂ।ਗੱਲਾਂ ਕਿਵੇਂ?ਬਸ ਨਿਮਰਤਾ ਸਹਿਤ ਗੁਰੂ ਸਾਹਿਬ ਜੀ ਦਾ ਪਾਠ ਕਰਨਾ, ਨਿਤਨੇਮ ਕਰਨਾ, ਕੀਰਤਨ ਕਰਨਾ।ਇੱਕ ਦਿਨ ਜਪੁਜੀ ਸਾਹਿਬ ਜੀ ਦਾ ਪਾਠ ਕਰਦੇ ਹੋਏ ਪਹਿਲੀ ਹੀ ਪਉੜੀ ਤੇ ਮਨ ਰੁਕ ਗਿਆ-ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।ਭਾਵ ਕਿਵੇਂ ਸਚਿਆਰਾ ਬਣੀਏ ਤੇ ਫਿਰ ਕਿਵੇਂ ਸਾਡੇ ਤੇ ਗੁਰੂ ਵਿਚਕਾਰ ਬਣ ਗਈ ਕੂੜ ਦੀ ਕੰਧ ਟੁੱਟੇ? ਵਾਹ ਜੀ ਵਾਹ, ਇਹੀ ਸਵਾਲ ਤਾਂ ਅਸੀਂ ਵੀ ਕਰ ਰਹੇ ਸੀ। ਪਰ ਹੁਣ ਜਵਾਬ ਕੀ ਹੈ?

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।੧।।

ਉਸ ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਵਿਚ ਚੱਲੋ। ਧੁਰ ਤੋਂ ਹੀ ਇਹ ਅਸੂਲ ਚਲਿਆ ਆ ਰਿਹਾ ਹੈ ਕਿ ਹੁਕਮ ਵਿੱਚ ਰਹਿਆਂ-ਕੂੜ ਦੀ ਪਾਲ (ਕੰਧ) ਟੁੱਟ ਸਕਦੀ ਹੈ ਤੇ ਫਿਰ ਗੁਰੂ ਦਾ ਪ੍ਰਸਾਦਿ ਮਿਲ ਸਕਦਾ ਹੈ।ਹੁਣ ਹੁਕਮ ਵਿੱਚ ਰਹਿਣ ਦਾ ਕੀ ਢੰਗ ਹੈ?ਇਸ ਸੰਸਾਰ ਵਿੱਚ ਤਾਂ ਨਿਤ ਨਵੇਂ ਕਾਰਨਾਮੇ ਵਾਪਰਦੇ ਹਨ। ਕੈਸੀਆਂ ਕੈਸੀਆਂ ਘਟਨਾਵਾਂ ਹੁੰਦੀਆਂ ਹਨ, ਮਨ ਕਿੱਥੋਂ ਸ਼ਾਂਤ ਰਹਿੰਦਾ ਹੈ! ਮਨ ਤਾਂ ਬਾਰ ਬਾਰ ਡੋਲ ਜਾਂਦਾ ਹੈ। ਫਿਰ ਹੁਕਮ ਦੀ ਪਾਲਨਾ ਕਿਵੇਂ ਹੋਵੇਗੀ? ਚਲੋ, ਫਿਰ ਗੁਰੂ ਗ੍ਰੰਥ ਸਾਹਿਬ ਜੀ ਪਾਸ ਚਲਦੇ ਹਾਂ ਤੇ ਗੱਲਾਂ ਕਰਦੇ ਹਾਂ ਤੇ ਨਾਲੇ ਸਵਾਲ ਵੀ ਕਰਦੇ ਹਾਂ। ਲਉ ਜੀ, ਜਵਾਬ ਮਿਲਦਾ-ਜਿਉ ਮੰਦਰ ਕਉ ਥਾਮੈ ਥੰਮਨੁ।। ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ।।ਭਾਵ ਜਿਵੇਂ ਕੋਈ ਖੰਭਾ ਇਮਾਰਤ ਨੂੰ ਆਸਰਾ ਦਿੰਦਾ ਹੈ, ਉਸ ਨੂੰ ਖੜਿਆ ਰੱਖਦਾ ਹੈ, ਤਿਵੇਂ ਹੀ ਗੁਰੂ ਦਾ ਸ਼ਬਦ ਮਨ ਨੂੰ ਆਸਰਾ ਦਿੰਦਾ ਹੈ ਤੇ ਔਕੜ ਵੇਲੇ ਠੀਕ ਅਗਵਾਈ ਦਿੰਦਾ ਹੈ। ਬਸ਼ਰਤੇ ਅਸੀਂ ਮਨ ਲਗਾ ਕੇ, ਪੂਰਨ ਸ਼ਰਧਾ ਰੱਖ ਕੇ ਗੁਰੂ ਦਾ ਓਟ ਆਸਰਾ ਲਈਏ।ਜਵਾਨੀ ਵਿੱਚ ਸਿੱਖੀ ਪ੍ਰਚਾਰ ਦਾ ਜ਼ਜ਼ਬਾ ਪੈਦਾ ਹੋਣ ਤੇ ਇੱਕ ਵੇਰਾਂ ਛੋਟੀ ਜਿਹੀ ਸਭਾ ਬਣਾਈ। ਨਿੱਕੇ-ਨਿੱਕੇ ਸਿੰਘਾਂ ਦੀ ਨੌਜਵਾਨ ਫੁਲਵਾੜੀ ਖੜੀ ਕੀਤੀ। ਪ੍ਰੇਰਨਾ ਗੁਰੂ ਸਾਹਿਬ ਜੀ ਦੀ, ਉਦਮ ਗੁਰੂ ਸਾਹਿਬ ਜੀ ਦਾ ਬਖਸ਼ਿਆ, ਬਸ ਸੇਵਾ ਹੀ ਲੱਗੀ ਸੀ ਆਪਣੀ। 'ਕੰਮਗੁਰੂ ਦਾ' ਚੜ੍ਹਦੀਆਂ ਕਲਾਂ ਵਿੱਚ ਚੱਲ ਰਿਹਾ ਸੀ। ਨੌਜਵਾਨ ਨਸ਼ੇ ਛੱਡ ਕੇ ਸਿੱਖੀ ਪ੍ਰਚਾਰ ਵੱਲ ਪ੍ਰੇਰਿਤ ਹੋ ਰਹੇ ਸਨ ਤਾਂ ਇਹ ਨੌਜਵਾਨ ਵੀਰ ਰਲ ਕੇ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ ਵਿੱਚ ਕਲਾਸ ਲਗਾਉਂਦੇ ਸਨ। ਗੁਰੂ ਸ਼ਬਦ ਦੀਆਂ ਵਿਚਾਰਾਂ, ਇਤਿਹਾਸ, ਕਵਿਤਾ ਤੇ ਫਿਰ ਨਵੇਂ ਸਿੰਘਾਂ ਨੂੰ ਕਿਸ ਤਰ੍ਹਾਂ ਸਿੱਖੀ ਵੱਲ ਪ੍ਰੇਰਿਤ ਕਰੀਏ-ਆਦਿ ਵਿਸ਼ਿਆਂ ਤੇ ਖੁੱਲ੍ਹੀਆਂ ਵਿਚਾਰਾਂ ਹੁੰਦੀਆਂ ਸਨ। ਗਿਣਤੀ ਦਿਨ ਦੂਣੀ ਰਾਤ ਚੌਣੀ ਹੁੰਦੀ ਗਈ ਅਤੇ ਇੱਕ-ਦੋ-ਸਾਲਾਂ ਵਿੱਚ ਨੌ ਥਾਵਾਂ 'ਤੇ ਕਲਾਸਾਂ ਲੱਗਣੀਆਂ ਸ਼ੁਰੂ ਹੋ ਗਈਆਂ, ਇੱਕ ਲਾਇਬ੍ਰੇਰੀ (ਧਾਰਮਿਕ, ਇੱਕ ਬੁੱਕ ਸੈਂਟਰ ਸਕੂਲ ਦੀ ਪੜ੍ਹਾਈ ਸੰਬੰਧੀ ਕਿਤਾਬਾਂ ਦਾ) ਆਦਿ ਕਈ ਗਤੀਵਿਧਿਆਂ ਚਾਲੂ ਹੋ ਗਈਆਂ। ਪਰ ਗੁਰੂ ਸਾਹਿਬ ਜੀ ਦਾ ਭਾਣਾ ਅਜਿਹਾ ਵਾਪਰਿਆ ਕਿ ਦੋ ਨੌਜਵਾਨ ਆਗੂ ਵੀਰਾਂ ਵਿੱਚ ਮਤਭੇਦ ਹੋ ਗਏ। ਇੱਕ ਦੂਜੇ 'ਤੇ ਤੋਹਮਤਾਂ ਲੱਗਣੀਆਂ ਸ਼ੁਰੂ ਹੋ ਗਈਆਂ। ਦੂਜੇ ਵੀਰਾਂ ਵਿੱਚ ਵੀ ਸੁਭਾਵਿਕ ਹੀ ਲੜਾਈ ਜਾਂ ਵੰਡ ਦੀਆਂ ਕਿਆਸ-ਅਰਾਈਆਂ ਲੱਗਣ ਲੱਗ ਪਈਆਂ।ਇਹ ਕੀ ਵਾਹਿਗੁਰੂ ਜੀ। ਅਸਾਂ ਤਾਂ ਪੰਥਕ ਸੇਵਾ ਦਾ ਬੀੜਾ ਚੁੱਕਿਆ ਸੀ। ਜੇ ਧਾਰਮਿਕ ਬੰਦੇ ਵੀ ਇਸ ਤਰ੍ਹਾਂ ਲੜਨ ਲੱਗ ਪੈਣ ਤਾਂ ਫਿਰ ਧਰਮ ਦਾ ਕੀ ਲਾਭ? ਐਵੇਂ ਪਾਖੰਡਾਂ ਵਿੱਚ ਕਿਉਂ ਪਾਈਏ? ਮਨ ਬੜਾ ਉਦਾਸ ਤੇ ਚਿੰਤਤ ਹੋ ਗਿਆ। ਹਾਂ, ਗੱਲ ਚੇਤੇ ਆਈ, ਉਸ ਦਿਨ ਗਿਆਨੀ ਜੀ ਨੇ ਕਥਾ ਕਰਦਿਆਂ ਕਿਹਾ ਸੀ ਜਦ ਵੀ ਕੋਈ ਮੁਸ਼ਕਲ ਆਵੇ, ਕੋਈ ਸ਼ੰਕਾ ਪੈਦਾ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸ ਆ ਕੇ ਪ੍ਰੇਮ ਸਹਿਤ ਨਿਰਵਿਰਤ ਕਰਵਾ ਲਵੋ। ਕੁੱਝ ਦੇਰ ਸ਼ਰਧਾ ਸਹਿਤ ਪਾਠ ਕੀਤਾ ਤੇ ਸੱਚਮੁੱਚ ਜਵਾਬ ਮਿਲ ਗਿਆ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ।।

ਵਾਹ ਜੀ ਵਾਹ! ਗੁਰੂ ਸਾਹਿਬ ਜੀ ਤਾਂ ਜਿਵੇਂ ਸਭ ਕੁੱਝ ਜਾਣਦੇ ਹੀ ਸਨ। ਐਨ ਜਿਹੋ ਜਿਹੀ ਸਾਡੀ ਅਵੱਸਥਾ ਸੀ ਬਿਲਕੁਲ ਉਹੋ ਜਿਹਾ ਹੀ ਜਵਾਬ ਦਿੱਤਾ। 'ਜਦ ਵੀ ਦੁਬਿਧਾ ਪੈਦਾ ਹੋ ਜਾਵੇ 'ਐ ਭਾਈ ਜਨੋ' ਇਕੱਠੇ ਹੋ ਕੇ ਬੈਠੋ ਤੇ ਫਿਰ ਅਕਾਲ ਪੁਰਖ ਨਾਲ ਲਿਵ ਜੋੜ ਕੇ ਦੁਬਿਧਾ ਦੂਰ ਕਰੋ।ਬਸ ਜੀ ਫਿਰ ਕੀ ਸੀ, ਨੌਜਵਾਨ ਵੀਰ ਰਲ ਕੇ ਬੈਠ ਗਏ। ਗੁਰੂ ਸਾਹਿਬ ਜੀ ਅੱਗੇ ਅਰਦਾਸ ਕੀਤੀ ਤੇ ਫਿਰ ਉਪਰੋਕਤ ਸ਼ਬਦ ਦੇ ਅਰਥ-ਭਾਵ ਗ੍ਰਹਿਣ ਕਰਦੇ ਹੋਇਆਂ ਅਕਾਲ ਪੁਰਖ ਨਾਲ ਲਿਵ ਜੋੜੀ ਤੇ ਦੋਹਾਂ ਨੇ ਆਪਣੀ-ਆਪਣੀ ਥਾਂ ਇਹ ਸੋਚਿਆ- 'ਮੈਂ ਦੂਜੇ ਵੀਰ ਜੀ ਦੀ ਗੱਲ ਸਹਿਜ ਨਾਲ ਸੁਣਨੀ ਹੈ ਤੇ ਫਿਰ ਜੋ ਠੀਕ ਹੋਵੇ, ਉਸ ਨੂੰ ਮੰਨਣ ਵਿੱਚ ਸ਼ਰਮਾਣਾ ਨਹੀਂ, ਹਿਚਕਾਣਾ ਨਹੀਂ ਤੇ ਸਗੋਂ ਆਪਣੀ ਗਲਤੀ ਸੁਧਾਰਨੀ ਹੈ।'ਦੋਵੇਂ ਆਪਣੀ-ਆਪਣੀ ਜਗ੍ਹਾ ਤੇ ਇਹੀ ਸੋਚਦੇ ਹਨ ਤੇ ਫਿਰਜਦ ਮਨ ਦੀ ਅਜਿਹੀ ਅਵਸਥਾ ਹੋਵੇ ਨਾਲੋ-'ਇੱਕੋ ਹੁਕਮ ਹੋਵੇ ਤਾਂ ਫਿਰ ਵਿਚਾਰ ਕਿਵੇਂ ਨਾ ਮਿਲਦੇ। ਘੁੱਟ ਜੱਫੀ ਪਾਈਓ ਨੇ ਤੇ ਫਿਰ ਹਰ ਤਰ੍ਹਾਂ ਦੇ ਮਨਮੁਟਾਵ ਮਿਟਾ ਕੇ ਗੋਲੀਂ-ਬਾਤੀਂ ਹੱਲ ਕੱਢ ਲਿਆ।ਇੰਨਾਂ ਹੀ ਨਹੀਂ, ਸਗੋਂ ਅੱਗੋਂ ਲਈ ਵੀ ਇਹ ਗੱਲ ਆਪਣੀ ਸਭਾ ਲਈ ਪੱਕਿਆਂ ਕਰ ਦਿੱਤੀ ਕਿ ਜਦ ਵੀ ਕਿਸੇ ਵੀਰ ਦੇ ਮਨ ਵਿੱਚ ਕੋਈ ਸ਼ੰਕਾ ਪੈਦਾ ਹੋਵੇ ਜਾਂ ਆਪਸੀ ਮਤ-ਭੇਦ ਹੋ ਜਾਵੇ ਤਾਂ ਬਜਾਏ ਕਿ ਕਿਸੇ ਹੋਰ ਪਾਸੇ ਜਾ ਕੇ ਨਿੰਦਾ, ਚੁਗਲੀ ਕਰਨੀ ਤੇ ਆਪਣੇ ਮਨ ਦੀ ਭੜਾਸ ਕੱਢਣੀ-ਦੋਵੇਂ ਵੀਰ ਮਿਲ ਕੇ ਬੈਠੋ-ਅਰਦਾਸ ਕਰੋ ਤੇ ਫਿਰ ਸਹਿਜ ਨਾਲ ਇੱਕ ਦੂਜੇ ਦੀਆਂ ਗੱਲਾਂ ਸੁਣ ਕੇ ਸੁਲਾਹ ਕਰੋ।

ਜੇ ਧਾਰਮਿਕ ਮਾਰਗ ਤੇ ਚੱਲੇ ਹਾਂ, ਫਿਰ ਮਨਮੁੱਖਾਂ ਵਾਂਗ ਲੜਨਾ ਠੀਕ ਨਹੀਂ। ਹੋਰ ਤਾਂ ਹੋਰ ਗੁਰਸਿੱਖੀ ਅਸੂਲਾਂ ਤੇ ਇਤਨੀ ਦ੍ਰਿੜ੍ਹਤਾ ਹੋਵੇ ਕਿ ਦੁਬਿਧਾ ਪੈਣ ਦੀ ਸੂਰਤ ਵਿੱਚ ਵੱਡਾ ਵੀਰ ਸੋਚੇ ਕਿ 'ਚਲ ਉਹ ਛੋਟਾ ਸੀ, ਉਸ ਪਾਸੋਂ ਗਲਤੀ ਹੋ ਗਈ ਹੋਣੀ ਹੈ ਪਰ ਮੈਨੂੰ ਉਸ ਦੀ ਗੱਲ ਸੁਣਨੀ ਚਾਹੀਦੀ ਹੈ, ਵਿਚਾਰਨਾ ਚਾਹੀਦਾ ਹੈ ਤੇ ਫਿਰ ਜੇ ਹੋ ਸਕੇ ਤਾਂ ਉਸ ਨੂੰ ਸਮਝਾਣਾ ਚਾਹੀਦਾ ਹੈ' ਤੇ ਇਉਂ ਉਹ ਛੋਟੇ ਵੀਰ ਨੂੰ ਸਮਝਾਉਣ ਤੁਰ ਪਵੇ।ਦੂਜੇ ਪਾਸੇ, ਛੋਟਾ ਵੀਰ ਵੀ ਗੁਰਸਿੱਖੀ ਅਸੂਲਾਂ ਤੇ ਇਤਨਾ ਦ੍ਰਿੜ੍ਹ ਹੋਵੇ ਕਿ ਉਹ ਆਪਣੀ ਥਾਂ ਸੋਚੇ-ਭਾਈ ਉਹ ਮੇਰਾ ਵੱਡਾ ਵੀਰ ਹੈ, ਫਿਰ ਕੀ ਹੋਇਆ ਜੇ ਉਸ ਕੋਈ ਐਸੀ ਗੱਲ ਕਹਿ ਦਿੱਤੀ ਹੈ, ਹੋ ਸਕਦਾ ਹੈ ਮੈਨੂੰ ਭੁਲੇਖਾ ਲੱਗਾ ਹੋਵੇ, ਐਵੇਂ ਬੈਠੇ ਚਿੰਤਾ ਨਾ ਲਾਵਾਂ ਤੇ ਚੱਲ ਕੇ ਵੀਰ ਕੋਲੋਂ ਮਾਫੀ ਮੰਗ ਲਵਾਂ, ਨਿਵਿਆਂ ਕੋਈ ਹੱਤਕ ਨਹੀਂ ਹੁੰਦੀ-ਤੇ ਉਹ ਵੱਡੇ ਵੀਰ ਪਾਸੋਂ ਮਾਫੀ ਮੰਗਣ ਲਈ ਤੁਰ ਪਵੇ।ਇਉਂ, ਦੋਵੇਂ ਵੀਰ ਆਪਣੇ-ਆਪਣੇ ਘਰੋਂ ਇੱਕ ਦੂਜੇ ਨੂੰ ਮਿਲਣ ਲਈ ਤੁਰ ਪੈਣ ਤੇ ਰਾਹ ਵਿੱਚ ਹੀ ਆ ਮਿਲਣ।

ਸੱਚਮੁੱਚ ਜੇ ਅਜਿਹੇ ਹਾਲਾਤ ਪੈਦਾ ਹੋ ਜਾਣ ਅਤੇ ਹਰ ਗੁਰਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਦੇ ਨਾਲ-ਨਾਲ ਗੁਰੂ ਦੀ ਇੱਕ-ਇੱਕ ਗੱਲ ਵੀ ਮੰਨਣੀ ਸ਼ੁਰੂ ਕਰ ਦੇਵੇ ਤਾਂ ਚੜ੍ਹਦੀਆਂ ਕਲਾਂ ਹੀ ਚਾਰੇ ਪਾਸੇ ਸੁਭਾਏਮਾਨ ਹੋਣਗੀਆਂ।ਇਹ ਗੱਲਾਂ ਸਿਰਫ ਲਿਖਣ ਜਾਂ ਪੜ੍ਹਨ ਤੱਕ ਹੀ ਨਹੀਂ, ਸਗੋਂ ਇਸ ਰਾਹੀਂ ਕਈ ਥਾਵਾਂ ਤੇ ਸਫਲਤਾ ਵੀ ਪ੍ਰਾਪਤ ਕੀਤੀ ਗਈ ਹੈ।ਸਿੱਟਾ ਇਹੀ ਨਿਕਲਿਆ ਕਿ ਆਪਸੀ ਮਤਭੇਦ, ਗਲਤ ਫ਼ਹਿਮੀਆਂ ਤਾਂ ਪੈਦਾ ਹੁੰਦੀਆਂ ਹੀ ਰਹਿੰਦੀਆਂ ਹਨ। ਜੇ ਦੋਵੇਂ ਧਿਰਾਂ ਆਪਣੇ ਆਪ ਨੂੰ ਠੀਕ ਸਿੱਧ ਕਰਨ ਲਈ ਅੜੀਆਂ ਰਹਿਣ ਤਾਂ ਫਿਰ ਸੁਲਾਹ ਕਿਥੇ? ਮਨਮੁੱਖਾਂ ਦੀ ਗੱਲ ਹੋਵੇ ਤੇ ਕਹੀਏ-'ਸੋਝੀ ਨਹੀਂ ਨੇਂ'-ਪਰ ਗੁਰਸਿੱਖਾਂ ਲਈ ਪਉੜੀ ਹੀ 'ਹੋਹੁ ਸਭਨਾ ਕੀ ਰੇਣੁਕਾ ਦੀ ਹੈ, ਫਿਰ ਕਿਉਂ ਨਾ ਨਿਵ ਕੇ ਗੱਲਬਾਤ ਰਾਹੀਂ ਅਸੂਲਾਂ ਦੀ ਕਸਵੱਟੀ ਤੇ ਸੁਲਾਹ ਕੀਤੀ ਜਾਵੇ ਅਤੇ ਨਿੱਕੀ-ਨਿੱਕੀ ਗੱਲ ਨੂੰ ਪਹਾੜ ਬਣਨ ਤੋਂ ਰੋਕੀਏ-ਤਾਂ ਹੀ ਅਸੀਂ 'ਸਰਬੱਤ ਦੇ ਭਲੇ ਦੀ ਮੰਜ਼ਿਲ ਤੱਕ ਅੱਪੜ ਸਕਾਂਗੇ।

**ਰੇਣੁਕਾ ਸਰਬਜੀਤ ਸਿੰਘ, ਲੁਧਿਆਣਾ**

# ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੇਸ਼ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਨੇ ਦਿੱਤਾ ਆਪਣਾ ਸਪੱਸ਼ਟੀਕਰਨ

ਸ੍ਰੀ ਅੰਮ੍ਰਿਤਸਰ-ਪਿਛਲੇ ਸਮੇਂ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਯਾਦਾ ਤੇ ਸਰਬਉੱਚਤਾ, ਗੁਰੂ ਕੀ ਗੋਲਕ ਵਿਰੁੱਧ ਵਾਰ-ਵਾਰ ਇਤਰਾਜ਼ਯੋਗ ਟਿੱਪਣੀਆਂ ਕਰਨ ਅਤੇ ਸਿੱਖ ਗੁਰੂ ਸਾਹਿਬਾਨ ਤੇ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਅਤਿ-ਇਤਰਾਜ਼ਯੋਗ ਗਤੀਵਿਧੀ ਕਰਦਿਆਂ ਦੀ ਸਾਹਮਣੇ ਆਈ ਵੀਡੀਓ ਦੇ ਮਾਮਲਿਆਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਅੱਜ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣਾ ਸਪੱਸ਼ਟੀਕਰਨ ਦੇਣ ਲਈ ਪੁੱਜੇ। ਇਸ ਮੌਕੇ ਮੁੱਖ ਮੰਤਰੀ ਸ. ਭਗਵੰਤ ਸਿੰਘ ਸਕੱਤਰੇਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਸਨਮੁਖ ਪੇਸ਼ ਹੋਏ। ਇਸ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਵੀ ਮੌਜੂਦ ਸਨ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸ. ਭਗਵੰਤ ਸਿੰਘ ਪਾਸੋਂ ਉਨ੍ਹਾਂ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਵਿੱਚ ਲੱਗੇ ਵੱਖ-ਵੱਖ ਦੋਸ਼ਾਂ ਦਾ ਇੱਕ-ਇੱਕ ਕਰਕੇ ਸਪੱਸ਼ਟੀਕਰਨ ਲਿਆ ਗਿਆ ਹੈ।ਇਸ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਨੂੰ ਉਨ੍ਹਾਂ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਦੇ ਮਾਮਲਿਆਂ ਵਿੱਚ ਸੱਦਿਆ ਗਿਆ ਸੀ, ਜਿਸ ਉੱਤੇ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਸਮਰਪਣ ਭਾਵ ਨਾਲ ਪ੍ਰਵਾਨ ਕਰਦਿਆਂ ਇਹ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਵੱਲੋਂ ਬੀਤੇ ਸਮੇਂ ਕੁਝ ਗਲਤ ਬਿਆਨੀਆਂ ਹੋਈਆਂ ਹਨ ਅਤੇ ਉਨ੍ਹਾਂ ਸਬੰਧੀ ਸਾਹਮਣੇ ਆਈ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਲਈ ਸਹਿਮਤੀ ਵੀ ਪ੍ਰਗਟਾਈ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਪੰਜਾਬ ਸੂਬੇ ਦੇ ਮੁਖੀ ਵਜੋਂ ਇੱਕ ਸੰਵਿਧਾਨਕ ਅਹੁਦੇ ਉੱਤੇ ਬੈਠੇ ਹਨ, ਜਿਸ ਨੂੰ ਸੰਭਾਲਣ ਲਈ ਉਨ੍ਹਾਂ ਨੇ ਸਹੁੰ ਚੁੱਕਣ ਵੇਲੇ ਧਰਮ ਨਿਰਪੱਖ ਰਹਿਣ ਦਾ ਪ੍ਰਣ ਕੀਤਾ ਹੈ। ਉਨ੍ਹਾਂ ਕਿਹਾ ਕਿ ਇੱਕ ਮੁੱਖ ਮੰਤਰੀ ਸੂਬੇ ਅੰਦਰ ਮੌਜੂਦ ਹਰ ਧਰਮ ਦਾ ਤਰਜਮਾਨ ਹੁੰਦਾ ਹੈ ਅਤੇ ਸ. ਭਗਵੰਤ ਸਿੰਘ ਵੱਲੋਂ ਬੀਤੇ ਸਮੇਂ ਸਿੱਖ ਧਰਮ ਦੀਆਂ ਰਵਾਇਤਾਂ, ਦਸਵੰਧ ਦੇ ਸਿਧਾਂਤ ਗੁਰੂ ਕੀ ਗੋਲਕ, ਮਰਯਾਦਾ, ਸਿਧਾਂਤਾਂ ਅਤੇ ਅੰਦਰੂਨੀ ਮਾਮਲਿਆਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਉਚਿਤ ਨਹੀਂ ਹਨ, ਜੋ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਮਾਰਦੀਆਂ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਗੱਲ ਤੋਂ ਵਰਜਿਆ ਗਿਆ ਹੈ ਕਿ ਉਹ ਅਗਾਂਹ ਤੋਂ ਸਿੱਖ ਰਵਾਇਤਾਂ, ਗੁਰੂ ਕੀ ਗੋਲਕ, ਮਰਯਾਦਾ, ਸਿਧਾਂਤਾਂ ਅਤੇ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਬਾਰੇ ਇਸ ਤਰ੍ਹਾਂ ਨਾ ਬੋਲਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਜੋ ਵੀ ਸਪੱਸ਼ਟੀਕਰਨ ਦਿੱਤਾ ਹੈ ਉਸ ਨੂੰ ਦਰਜ ਕਰ ਲਿਆ ਗਿਆ ਹੈ, ਜਿਸ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮਦਨ ਅਤੇ ਖਰਚਿਆਂ ਨਾਲ ਸਬੰਧਤ ਚਿੱਠਿਆਂ ਦਾ ਰਿਕਾਰਡ ਪ੍ਰਕਾਸ਼ਿਤ ਕਰਨ ਵਾਲੇ ਮਾਸਿਕ ਗੁਰਦੁਆਰਾ ਗਜ਼ਟ ਰਸਾਲੇ ਦੀ ਕਾਪੀ ਵੀ ਵਿਸ਼ੇਸ਼ ਤੌਰ ਉੱਤੇ ਦਿੰਦਿਆਂ ਆਖਿਆ ਕਿ ਉਹ ਇਨ੍ਹਾਂ ਇਤਿਹਾਸਕ ਦਸਤਾਵੇਜ਼ਾਂ ਨੂੰ ਜ਼ਰੂਰ ਪੜ੍ਹਣ ਅਤੇ ਸਮਝਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਇਹ ਗੱਲ ਮੰਨੀ ਹੈ ਕਿ ਉਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਬਾਰੇ ਜਾਣਕਾਰੀ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਬਿਨਾਂ ਜਾਣਕਾਰੀ ਮਰਯਾਦਾ ਦੇ ਸਬੰਧ ਵਿੱਚ ਕੁਝ ਨਹੀਂ ਬੋਲਣਾ ਚਾਹੀਦਾ।ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਨਾਲ ਸਬੰਧਤ ਸਾਹਮਣੇ ਆਈ ਵੀਡੀਓ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਆਖਿਆ ਗਿਆ ਹੈ ਕਿ ਉਹ ਪੰਜਾਬ ਸਰਕਾਰ ਦੀ ਤਰਫ਼ੋਂ ਕੋਈ ਦੋ ਫੋਰੈਂਸਿਕ ਲੈਬਾਂ ਦੱਸਣ ਜਿੱਥੋਂ ਵੀਡੀਓ ਦੀ ਜਾਂਚ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਤਰਫ਼ੋਂ ਸੁਝਾਈ ਜਾਣ ਵਾਲੀ ਲੈਬਾਂ ਦੇ ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਪਣੇ ਤੌਰ ਉੱਤੇ ਵੀ ਮੁੱਖ ਮੰਤਰੀ ਦੀ ਇਤਰਾਜ਼ਯੋਗ ਵੀਡੀਓ ਦੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਵੀ ਰਿਪੋਰਟ ਸਾਹਮਣੇ ਆਵੇਗੀ ਉਸ ਨੂੰ ਖ਼ਾਲਸਾ ਪੰਥ ਦੇ ਸਨਮੁਖ ਰੱਖ ਕੇ, ਅਗਲਾ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿਉਂਕਿ ਵੀਡੀਓ ਵਾਲਾ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੈ ਅਤੇ ਇਹ ਵੀ ਜ਼ਰੂਰੀ ਹੈ ਕਿ ਕਿਸੇ ਦੀ ਵੀ ਕਿਰਦਾਰਕੁਸ਼ੀ ਨਹੀਂ ਹੋਣੀ ਚਾਹੀਦੀ ਇਸ ਲਈ ਇਸਦੀ ਦੀ ਫੋਰੈਂਸਿਕ ਜਾਂਚ ਜ਼ਰੂਰੀ ਹੈ।ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਸਰਬਉੱਚ ਅਸਥਾਨ ਹੈ ਜਿੱਥੋਂ ਕਿਸੇ ਨਾਲ ਵੈਰ ਵਿਰੋਧ ਦੀ ਭਾਵਨਾ ਨਹੀਂ ਰੱਖੀ ਜਾਂਦੀ ਅਤੇ ਜੋ ਵੀ ਇੱਥੇ ਨਿਮਰਤਾ ਨਾਲ ਆਉਂਦਾ ਹੈ ਉਸ ਦੀ ਗੱਲ ਸੁਣੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਵਿਚਾਰ ਗੋਸ਼ਟੀ ਨਾਲ ਜੋੜਿਆ ਹੈ, ਜਿਸ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਰੰਪਰਾ ਕਾਰਜ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਲ ਬਹੁਤ ਹੀ ਚੰਗੇ ਮਾਹੌਲ ਵਿੱਚ ਸਾਰੀ ਗੱਲਬਾਤ ਹੋਈ ਹੈ ਅਤੇ ਉਹ ਆਪਣਾ ਪੱਖ ਰੱਖ ਕੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਰਾਜ ਸੱਤਾ ਵਿੱਚ ਉੱਚ ਅਹੁਦਿਆਂ ਉੱਤੇ ਬੈਠਾ ਆਗੂ ਸਿੱਖ ਰਵਾਇਤਾਂ ਤੇ ਮਰਯਾਦਾ ਵਿਰੁੱਧ ਕੋਈ ਐਸੀ ਗਲਤੀ ਕਰੇ ਜਿਸ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜਦੀ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹ ਫ਼ਰਜ਼ ਹੈ ਕਿ ਇਸ ਦਾ ਗੰਭੀਰ ਨੋਟਿਸ ਲੈ ਕੇ ਸਬੰਧਤ ਕੋਲੋਂ ਇਸ ਸਬੰਧੀ ਪੁੱਛਗਿੱਛ ਕੀਤੀ ਜਾਵੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਇਸ ਸੰਜੀਦਾ ਮਾਮਲੇ ਉੱਤੇ ਕਿਸੇ ਤਰ੍ਹਾਂ ਦੀ ਵੀ ਕਾਹਲੀ ਨਹੀਂ ਕਰਨੀ ਚਾਹੀਦੀ ਅਤੇ ਬਿਨਾਂ ਸਹੀ ਤੱਥਾਂ ਦੇ ਕੋਈ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਵੀ ਸਭ ਨੂੰ ਇਹ ਆਦੇਸ਼ ਕੀਤਾ ਜਾ ਚੁੱਕਾ ਹੈ ਇਸ ਮਾਮਲੇ ਉੱਤੇ ਕਿਸੇ ਤਰ੍ਹਾਂ ਦੀ ਵੀ ਸਿਆਸਤ ਨਾ ਕੀਤੀ ਜਾਵੇ ਅਤੇ ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਇਸ ਦਾ ਗੰਭੀਰ ਨੋਟਿਸ ਲਿਆ ਜਾਵੇਗਾ।ਇੱਕ ਹੋਰ ਸਵਾਲ ਦੇ ਜਵਾਬ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਆਪਣੀ ਪੇਸ਼ੀ ਮੌਕੇ ਮੁੱਖ ਮੰਤਰੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਸਬੰਧੀ ਕੁਝ ਦਸਤਾਵੇਜ਼ ਦਿੱਤੇ ਗਏ ਹਨ ਜੋ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਨੇ ਪ੍ਰਾਪਤ ਕਰ ਲਏ ਹਨ ਅਤੇ ਇਨ੍ਹਾਂ ਦੀ ਘੋਖ ਉਪਰੰਤ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਜਾਵੇਗਾ।




# ਭਾਰਤ ਦੇ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੁ ਅਤੇ ਪੰਜਾਬ ਦੇ ਰਾਜਪਾਲ ਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ 50ਵੀਂ ਗੋਲਡਨ ਜੁਬਲੀ ਕਾਨਵੋਕੇਸ਼ਨ ਦੇ ਪਲ ਬਣੇ ਇਤਿਹਾਸਕ

ਅੰਮ੍ਰਿਤਸਰ-ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣੀ 50ਵੀਂ ਗੋਲਡਨ ਜੁਬਲੀ ਕਨਵੋਕੇਸ਼ਨ ਵੱਡੇ ਉਤਸ਼ਾਹ ਅਤੇ ਅਕਾਦਮਿਕ ਸ਼ਾਨ ਨਾਲ ਸਫਲਤਾਪੂਰਵਕ ਆਯੋਜਿਤ ਕੀਤੀ। ਇਸ ਮੌਕੇ ਭਾਰਤ ਦੀ ਮਾਨਯੋਗ ਰਾਸ਼ਟਰਪਤੀ ਸ੍ਰੀਮਤੀ ਦ੍ਰੌਪਦੀ ਮੁਰਮੁ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪ੍ਰੇਰਨਾਦਾਇਕ ਸੰਬੋਧਨ ਨਾਲ ਵਿਦਆਰਥੀਆਂ ਨੂੰ ਰਾਸ਼ਟਰ ਸੇਵਾ, ਨਵੀਨਤਾ ਅਤੇ ਨੈਤਿਕ ਮੁੱਲਾਂ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਲਾਬ ਚੰਦ ਕਟਾਰੀਆ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਸਨ। ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਇਸ ਮੌਕੇ ਮੰਚ ਉੱਪਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਮਾਨਯੋਗ ਰਾਸ਼ਟਰਪਤੀ ਅਤੇ ਗਵਰਨਰ ਪੰਜਾਬ ਸਮੇਤ ਸਾਰੇ ਵਿਦਆਰਥੀਆਂ, ਅਧਿਆਪਕਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਯੂਨੀਵਰਸਿਟੀ ਦੀ ਦੀ ਗੌਰਵਮਈ ਵਿਰਾਸਤ, ਅਕਾਦਮਿਕ ਪ੍ਰਾਪਤੀਆਂ ਅਤੇ ਸਿੱਖਿਆ, ਖੋਜ ਤੇ ਨਵੀਨਤਾ ਵਿੱਚ ਉੱਤਮਤਾ ਪ੍ਰਤੀ ਵਚਨਬੱਧਤਾ ਬਾਰੇ ਵਿਸਥਾਰ ਨਾਲ ਦੱਸਿਆ।ਇਸ ਯਾਦਗਾਰ ਮੌਕੇ ਯੂਨੀਵਰਸਿਟੀ ਵੱਲੋਂ ਦੋ ਪ੍ਰਸਿੱਧ ਸ਼ਖਸੀਅਤਾਂ ਨੂੰ ਆਨਰੇਰੀ ਡਾਕਟਰੇਟ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਹਨਾਂ ਵਿੱਚ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ (ਦੂਰਦਰਸ਼ੀ ਉਦਯੋਗਪਤੀ ਅਤੇ ਸਮਾਜ ਸੇਵੀ), ਜਿਨ੍ਹਾਂ ਨੇ ਸਮਾਜ ਅਤੇ ਰਾਸ਼ਟਰ ਨਿਰਮਾਣ ਵਿੱਚ ਅਸਾਧਾਰਨ ਯੋਗਦਾਨ ਪਾਇਆ ਅਤੇ ਸ੍ਰੀ ਜਸਵੀਰ ਗਿੱਲ, ਸੀ.ਈ.ਓ., ਅਲਰਟ ਐਂਟਰਪ੍ਰਾਈਜ਼ ਇੰਕ., ਕੈਲੀਫੋਰਨੀਆ (ਯੂ.ਐੱਸ.ਏ.), ਜਿਨ੍ਹਾਂ ਨੇ ਟੈਕਨਾਲੋਜੀ ਖੇਤਰ ਵਿੱਚ ਵਿਸ਼ਵ ਪੱਧਰੀ ਅਗਵਾਈ ਕੀਤੀ। ਇਸ ਮੌਕੇ 17 ਮੈਡਲ, 176 ਯੂ.ਜੀ./ਪੀ.ਜੀ. ਡਿਗਰੀਆਂ ਅਤੇ 258 ਪੀਐਚ.ਡੀ. ਡਿਗਰੀਆਂ ਵੰਡੀਆਂ ਗਈਆਂ। ਇਸ ਮੌਕੇ ਵਿਸ਼ੇਸ਼ ਹਸਤੀਆਂ ਵਿੱਚ ਮਾਨਯੋਗ ਕੈਬਿਨਟ ਮੰਤਰੀ ਸ. ਹਰਭਜਨ ਸਿੰਘ ਈਟੀਓ, ਐਮ.ਪੀ ਸ. ਗੁਰਜੀਤ ਸਿੰਘ ਔਜਲਾ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ।ਰਾਸ਼ਟਰਪਤੀ ਸ੍ਰੀਮਤੀ ਦ੍ਰੌਪਦੀ ਮੁਰਮੂ ਜੀ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਮੈਨੂੰ ਅੱਜ ਉਸ ਯੂਨੀਵਰਸਿਟੀ ਵਿਚ ਆਉਣ ਦਾ ਮੌਕਾ ਮਿਲਆ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਸਥਾਪਿਤ ਹੋਈ ਸੀ ਅਤੇ ਗੁਰੂ ਜੀ ਦੀਆਂ ਸਦੀਵੀ ਸਿੱਖਿਆਵਾਂ ਅੱਜ ਵੀ ਇਸਦਾ ਸਥਾਈ ਮਾਰਗਦਰਸ਼ਕ ਹਨ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਨੂੰ ਸਾਡੀ ਸਾਂਝੀ ਵਿਰਾਸਤ ਦੱਸਿਆ ਅਤੇ ਕਿਹਾ ਕਿ ਇਹਨਾਂ ਨੂੰ ਰੋਜ਼ਾਨਾ ਜੀਵਨ ਵਿੱਚ ਅਮਲ ਵਿਚ ਲਿਆ ਕੇ ਅਸੀਂ ਅਨੇਕ ਸਮਾਜਿਕ ਰੋਗਾਂ ਦਾ ਇਲਾਜ ਲੱਭ ਸਕਦੇ ਹਾਂ।ਰਾਸ਼ਟਰਪਤੀ ਨੇ ਯਾਦ ਕਰਵਾਇਆ ਕਿ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਲਈ ਬਰਾਬਰੀ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਸਰਗਰਮ ਯਤਨਾਂ 'ਤੇ ਵਿਸ਼ੇਸ਼ ਮਾਣ ਪ੍ਰਗਟ ਕੀਤਾ, ਜੋ ਇਸ ਸਮਾਗਮ ਵਿੱਚ ਵਿਦਆਰਥਣਾਂ ਵੱਲੋਂ ਡਿਗਰੀਆਂ ਅਤੇ ਪੁਰਸਕਾਰ ਲੈਣ ਵਿੱਚ ਉਨ੍ਹਾਂ ਦੀ ਮਜ਼ਬੂਤ ਮੌਜੂਦਗੀ ਵਿੱਚ ਸਪੱਸ਼ਟ ਦਿਖਾਈ ਦਿੱਤਾ। ਉਨ੍ਹਾਂ ਜ਼ੋਰ ਦਿੱਤਾ ਕਿ ਔਰਤਾਂ ਨੂੰ ਬੇਝਿਜਕ ਵਿਸ਼ਵਾਸ ਨਾਲ ਅੱਗੇ ਵਧਣ ਲਈ ਸਸ਼ਕਤ ਬਣਾਉਣਾ ਸਮਾਜਿਕ ਸਦਭਾਵਨਾ ਅਤੇ ਰਾਸ਼ਟਰੀ ਜੀਵਨਤਾ ਲਈ ਜ਼ਰੂਰੀ ਹੈ ਅਤੇ ਸਾਰਿਆਂ ਨੂੰ ਇਸ ਮੁਹਿੰਮ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ।

ਉਨ੍ਹਾਂ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਇਸ ਦੀ ਸਫਲਤਾ ਦਾ ਸਿਹਰਾ ਅਧਿਆਪਕਾਂ, ਵਿਦਆਰਥੀਆਂ ਅਤੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੂੰ ਦਿੱਤਾ। ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਇਸ ਗੋਲਡਨ ਜੁਬਲੀ ਕਾਨਵੋਕੇਸ਼ਨ ਨੂੰ ਸਿੱਖਿਆ ਖੇਤਰ ਲਈ ਵੱਡੀ ਖੁਸ਼ਕਿਸਮਤੀ ਦੱਸਿਆ ਕਿ ਰਾਸ਼ਟਰਪਤੀ ਸ੍ਰੀਮਤੀ ਦ੍ਰੌਪਦੀ ਮੁਰਮੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣਾ ਸਮਰਪਣ, ਪ੍ਰਤਿਭਾ ਅਤੇ ਸਥਿਰਤਾ ਨਾਲ ਗ੍ਰੈਜੂਏਟਸ ਨੂੰ ਅਸੀਸਾਂ ਦਿੱਤੀਆਂ। ਉਨ੍ਹਾਂ ਰਾਸ਼ਟਰਪਤੀ ਦੀ ਮੌਜੂਦਗੀ ਵਿੱਚ ਖਾਸ ਕਰਕੇ ਔਰਤਾਂ (ਜੋ ਹੁਣ ਉੱਚ ਸਿੱਖਿਆ ਵਿੱਚ ਪੁਰਸ਼ਾਂ ਤੋਂ ਵੱਧ ਰਹੀਆਂ ਹਨ) ਦੀਆਂ ਪ੍ਰਾਪਤੀਆਂ ਨੂੰ ਸਨਮਾਨਿਤ ਹੋਣ 'ਤੇ ਖੁਸ਼ੀ ਜ਼ਾਹਿਰ ਕੀਤੀ ਅਤੇ ਦੇਸ਼ ਦੀਆਂ ਧੀਆਂ ਦੇ ਯੋਗਦਾਨ 'ਤੇ ਮਾਣ ਪ੍ਰਗਟ ਕੀਤਾ। ਉਨ੍ਹਾਂ ਯੂਨੀਵਰਸਿਟੀ ਇਤਿਹਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਦੇ ਪਹਿਲੇ ਰਾਸ਼ਟਰਪਤੀ ਸ਼੍ਰੀ ਵੀ. ਵੀ. ਗਿਰੀ ਵੱਲੋਂ ਯੂਨੀਵਰਸਿਟੀ ਦਾ ਨੀਹ ਪੱਥਰ ਰੱਖਿਆ ਗਿਆ ਸੀ ਅਤੇ ਅੱਜ 50ਵੀਂ ਕਾਨਵੋਕੇਸ਼ਨ ਮੌਕੇ ਮੌਜੂਦਾ ਮਾਨਯੋਗ ਰਾਸ਼ਟਰਪਤੀ ਸਾਡੇ ਵਿਚ ਹਾਜ਼ਰ ਹਨ, ਇਹ ਵੀ ਇਕ ਇਤਿਹਾਸਕ ਪਲ ਹੈ। ਉਨ੍ਹਾਂ ਯੂਨੀਵਰਸਿਟੀ ਦੇ ਦੇ ਸਫਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਨੇ ਹੁਣ ਤਕ 16 ਲੱਖ ਗਰੈਜੂਏਟ ਤੇ 13 ਲੱਖ ਪੋਸਟ ਗਰੈਜੂਏਟ ਵਿਿਦਆਰਥੀਆਂ ਨੂੰ ਸਿੱਖਿਆ ਦਿੱਤੀ ਅਤੇ 3900 ਪੀਐਚ.ਡੀ. ਹੋਲਡਰ ਸ਼ਾਮਲ ਹਨ ਜੋ ਦੇਸ਼-ਵਿਦੇਸ਼ ਵਿੱਚ ਸੇਵਾ ਕਰ ਰਹੇ ਹਨ।ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਮਾਨਯੋਗ ਰਾਸ਼ਟਰਪਤੀ, ਰਾਜਪਾਲ ਅਤੇ ਸਾਰੇ ਵਿਸ਼ੇਸ਼ ਮਹਿਮਾਨਾਂ ਦੀ ਮੌਜੂਦਗੀ ਨੂੰ ਯੂਨੀਵਰਸਿਟੀ ਦਾ ਮਾਣ ਵਧਾਉਣ ਵਾਲਾ ਦਸਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਰਤ ਦੀਆਂ ਪ੍ਰਮੁੱਖ ਪਬਲਿਕ ਯੂਨੀਵਰਸਿਟੀਆਂ ਵਿੱਚੋਂ ਇੱਕ ਬਣ ਚੁੱਕੀ ਹੈ ਜਿਸ ਨੂੰ ਕੈਟੇਗਰੀ-1 ਸਟੇਟਸ ਅਤੇ ਨੈਕ ਦਾ ਸਭ ਤੋਂ ਉੱਚਾ ਸਕੋਰ 3.85 (ਏ++) ਪ੍ਰਾਪਤ ਹੈ। ਯੂਨੀਵਰਸਿਟੀ ਨੇ ਏ.ਆਈ. ਅਧਾਰਿਤ ਅਤੇ ਨੌਕਰੀ-ਅਧਾਰਿਤ ਪ੍ਰੋਗਰਾਮ, ਸਕਿੱਲ ਵਿਕਾਸ, ਉੱਦਮੀ ਸਿੱਖਿਆ, 50 ਤੋਂ ਵੱਧ ਸਟਾਰਟਅੱਪਸ, ਡਿਜੀਟਲ ਬੁਨਿਆਦੀ ਢਾਂਚਾ, ਈ-ਆਫਿਸ, ਈ.ਆਰ.ਪੀ., ਓਪਨ ਐਂਡ ਡਿਸਟੈਂਸ ਲਰਨਿੰਗ ਅਤੇ ਅੰਤਰਰਾਸ਼ਟਰੀ ਸਹਿਯੋਗ ਵਧਾਏ ਹਨ। ਸਮਾਜਿਕ ਜ਼ਿੰਮੇਵਾਰੀ ਅਧੀਨ ਗ੍ਰੀਨ ਕੈਂਪਸ, ਜਾਨਵਰਾਂ ਦੀ ਭਲਾਈ ਅਤੇ ਗ੍ਰਾਮੀਣ/ਸਰਹੱਦੀ ਖੇਤਰਾਂ ਦੇ ਵਿਿਦਆਰਥੀਆਂ ਲਈ 5% ਅਤਿਰਕਤ ਰਾਖਵਾਂਕਰਨ ਵਰਗੇ ਉਪਰਾਲੇ ਕੀਤੇ ਹਨ।ਉਨ੍ਹਾਂ ਕਿਹਾ ਕਿ ਇਸ ਸੰਸਥਾ ਦੀ ਅਸਲ ਪਛਾਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਵਿੱਚ ਸਮਾਈ ਅਧਿਆਤਮਕ ਵਿਰਾਸਤ ਹੈ ਜੋ ਸਿੱਖਿਆ ਵਿੱਚ ਨਿਮਰਤਾ ਅਤੇ ਦਇਆ ਨੂੰ ਜ਼ਰੂਰੀ ਬਣਾਉਂਦੀ ਹੈ।

ਗਿਆਨ ਬਿਨਾਂ ਨਿਮਰਤਾ ਅਤੇ ਵਿਦਵਤਾ ਬਿਨਾਂ ਦਇਆ ਅਧੂਰੀ ਹੈ। ਉਨ੍ਹਾਂ ਕਿਹਾ ਕਿ ਪ੍ਰਸਿੱਧ ਕਵੀ ਸੁਰਜੀਤ ਪਾਤਰ ਦੇ ਹਵਾਲੇ ਨਾਲ ਕਿਹਾ ਕਿ ਸਿੱਖਿਆ ਸਿਰਫ਼ ਡਿਗਰੀਆਂ ਵੰਡਣ ਤੱਕ ਸੀਮਤ ਨਹੀਂ ਸਗੋਂ ਬਿਹਤਰ ਇਨਸਾਨ ਬਣਾਉਣ ਲਈ ਹੈ।ਇਸ ਮੌਕੇ ਵਿਦਆਰਥੀਆਂ ਨੂੰ ਵੱਖ-ਵੱਖ ਵਿਿਸ਼ਆਂ ਵਿੱਚ ਡਿਗਰੀਆਂ ਅਤੇ ਮੈਡਲ ਤਕਸੀਮ ਕੀਤੇ ਗਏ। ਸਮਾਗਮ ਵਿੱਚ ਪ੍ਰੋ. ਐਚ.ਐੱਸ. ਸੈਣੀ (ਡੀਨ ਅਕਾਦਮਿਕ ਮਾਮਲੇ ), ਪ੍ਰੋ. ਕੇ.ਐੱਸ. ਚਾਹਲ (ਰਜਿਸਟਰਾਰ), ਸੀਨੀਅਰ ਅਧਿਕਾਰੀ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਮਹਿਮਾਨ ਸ਼ਾਮਲ ਹੋਏ। ਮਾਣਯੋਗ ਰਾਸ਼ਟਰਪਤੀ ਨੇ ਮੈਰਿਟ ਵਾਲੇ ਵਿਦਿਆਰਥੀਆਂ ਨੂੰ ਗੋਲਡ ਮੈਡਲ ਵੰਡੇ ਅਤੇ ਉਨ੍ਹਾਂ ਦੀ ਉੱਤਮਤਾ, ਸਮਰਪਣ ਅਤੇ ਅਟੱਲਤਾ ਦਾ ਜਸ਼ਨ ਮਨਾਇਆ।



# ਸਿੱਖਾਂ ਨੇ ਜਦ ਲਾਹੌਰ ਜਿੱਤਿਆ

ਅਹਿਮਦ ਸ਼ਾਹ ਅਬਦਾਲੀ ਦੇ ਮਨ ਵਿੱਚ ਹਿੰਦੁਸਤਾਨ ਤੇ ਕਬਜ਼ਾ ਕਰਨ ਦੀ ਇੱਛਾ ਕਦੀ ਵੀ ਨਹੀਂ ਮਰੀ ਸੀ। ਉਹ ਨਾ ਕੇਵਲ ਹਿੰਦੁਸਤਾਨ ਨੂੰ ਆਪਣੇ ਰਾਜ ਅਧੀਨ ਹੀ ਕਰਨਾ ਚਾਹੁੰਦਾ ਸੀ, ਸਗੋਂ ਇੱਥੋਂ ਦੇ ਲੁੱਟ ਮਾਰ ਦੇ ਮਾਲ ਵਿੱਚ ਪੂਰੀ ਦਿਲਚਸਪੀ ਰੱਖਦਾ ਸੀ। ਇਸੇ ਮੰਤਵ ਦੀ ਪੂਰਤੀ ਲਈ ਉਸ ਨੇ ਹਿੰਦੁਸਤਾਨ ਦੀ ਧਰਤੀ ਨੂੰ ਕਈ ਵਾਰੀ ਆਪਣੇ ਪੈਰਾਂ ਥੱਲੇ ਰੋਲਿਆ। ਹਰ ਵਾਰੀ ਉਹ ਪਹਿਲਾਂ ਨਾਲੋਂ ਵੱਧ ਤਿਆਰੀ ਕਰਕੇ ਹਿੰਦੁਸਤਾਨ 'ਤੇ ਚੜ੍ਹਾਈ ਕਰਦਾ। ਉਹ ਆਪਣਾ ਸੁਪਨਾ ਹਰ ਹਾਲਤ ਵਿੱਚ ਸਾਕਾਰ ਕਰਨਾ ਚਾਹੁੰਦਾ ਸੀ। ਅਕਤੂਬਰ 1759 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਬੜੀ ਵੱਡੀ ਸੈਨਾ ਦੀ ਕਮਾਨ ਕਰਦਿਆਂ ਹੋਇਆਂ ਹਿੰਦੁਸਤਾਨ 'ਤੇ ਪੰਜਵੀਂ ਵਾਰ ਚੜ੍ਹਾਈ ਕੀਤੀ।ਅਬਦਾਲੀ ਬਿਨਾਂ ਕਿਸੀ ਰੁਕਾਵਟ ਦੇ ਲਾਹੌਰ ਪਹੁੰਚ ਗਿਆ। ਕਿਸੇ ਨੇ ਉਸ ਦਾ ਟਾਕਰਾ ਨਾ ਕੀਤਾ। ਪੰਜਾਬ ਦਾ ਸੂਬੇਦਾਰ ਤਾਂ ਉਸ ਦਾ ਆਪਣਾ ਪੁੱਤਰ ਤੈਮੂਰ ਸੀ। ਉਸ ਨੇ ਤਾਂ ਖੁਸ਼ੀ ਦੇ ਸ਼ਾਦਿਆਨੇ ਵਜਾਏ। ਲੋਕ ਜਿਹੜੇ ਆਪਣੀਆਂ ਜਾਨਾਂ ਤੇ ਮਾਲ ਬਚਾਉਣਾ ਚਾਹੁੰਦੇ ਸਨ, ਸ਼ਹਿਰਾਂ ਨੂੰ ਛੱਡ ਕੇ ਦੂਰ-ਦੁਰਾਡੀਆਂ ਥਾਵਾਂ 'ਤੇ ਨਿਕਲ ਗਏ। ਇਸ ਤਰ੍ਹਾਂ ਅਬਦਾਲੀ ਲਈ ਰਾਹ ਬਿਲਕੁਲ ਸਾਫ ਸੀ। ਹਾਂ ਸਿੱਖਾਂ ਨੇ ਅਬਦਾਲੀ ਦੀ ਸੈਨਾ ਤੇ ਹਮਲੇ ਕੀਤੇ ਅਤੇ ਦੱਸਿਆ ਜਾਂਦਾ ਹੈ ਕਿ ਇਸ ਵਾਰੀ ਅਬਦਾਲੀ ਦੇ 2000 ਸਿਪਾਹੀ ਸਿੱਖਾਂ ਦੇ ਹੱਥੋਂ ਮਾਰੇ ਗਏ।ਜਦ ਅਬਦਾਲੀ ਲਾਹੌਰ ਪਹੁੰਚਿਆ ਤਾਂ ਉਸ ਦਾ ਸਾਰਾ ਨਜ਼ਾਮ ਦਰਮੁ ਬਰਮੁ ਹੋਇਆ ਪਿਆ ਸੀ। ਉਸਨੇ ਕਰੀਮ ਦਾਦ ਖਾਨ ਨੂੰ ਲਾਹੌਰ ਦਾ ਪ੍ਰਬੰਧ ਸੌਂਪਿਆ। ਉਸ ਨੇ ਕਾਂਗੜੇ ਦੇ ਰਾਜਾ ਘੁੰਮਡ ਚੰਦ ਨੂੰ ਜਲੰਧਰ ਦੁਆਬ ਦਾ ਸੂਬੇਦਾਰ ਥਾਪਿਆ। ਇਨ੍ਹਾਂ ਨਿਯੁਕਤੀਆਂ ਮਗਰੋਂ ਉਹ ਇਸ ਪਾਸੋਂ ਨਿਸ਼ਚਿੰਤ ਹੋ ਗਿਆ। ਉਸ ਨੇ ਸਤਲੁਜ ਦਰਿਆ ਪਾਰ ਕੀਤਾ ਅਤੇ ਤਾਰੋਲੀ ਤੱਕ ਜਾ ਪਹੁੰਚਿਆ।ਰਾਹ ਵਿੱਚ ਕੋਈ ਮੁਕਾਬਲਾ ਕਰਨ ਵਾਲਾ ਨਹੀਂ ਸੀ। ਤਾਰੋਲੀ ਦੇ ਸਥਾਨ ਤੇ ਮਰਹੱਟਿਆਂ ਦੀ ਕਾਫੀ ਸੈਨਾ ਇਕੱਠੀ ਹੋਈ ਸੀ। ਮਰਹੱਟਿਆਂ ਨੇ ਅਬਦਾਲੀ ਦੀ ਸੈਨਾ ਨੂੰ ਠੱਲ ਪਾਉਣ ਦਾ ਯਤਨ ਕੀਤਾ ਪਰ ਉਹ ਸਫਲ ਨਾ ਹੋ ਸਕੇ। 400 ਮਰਹੱਟੇਲੜਾਈ ਦੇ ਮੈਦਾਨ ਵਿੱਚ ਮਾਰੇ ਗਏ। ਇਹ ਲੜਾਈ 24 ਦਸੰਬਰ, 1759 ਨੂੰ ਹੋਈ। ਬਹੁਤ ਸਾਰੇ ਮਰਹੱਟੇ ਲੜਾਈ ਦਾ ਮੈਦਾਨ ਛੱਡ ਕੇ ਦੌੜ ਗਏ। ਅਬਦਾਲੀ ਦਾ ਹੌਂਸਲਾ ਵੱਧ ਗਿਆ ਤੇ ਉਹ ਅੱਗੇ ਵਧਿਆ ਅਤੇ ਦਿੱਲੀ ਦੇ ਨੇੜੇ ਪਹੁੰਚ ਗਿਆ। ਉਸ ਦੀ ਸੈਨਾ ਪੂਰੇ ਜੋਸ਼ ਵਿੱਚ ਸੀ ਅਤੇ ਲੁੱਟ ਮਾਰ ਦਾ ਮਾਲ ਇਕੱਠਾ ਕਰਨ ਲਈ ਬੇਚੈਨ ਹੋ ਰਹੀ ਸੀ। ਇੱਥੇ ਕੁੱਝ ਰੋਹੀਲਾ ਮੁਖੀ ਵੀ ਅਬਦਾਲੀ ਨਾਲ ਆ ਰਲੇ। ਅਬਦਾਲੀ ਨੇ ਮਾਰਚ ਜਾਰੀ ਰੱਖਿਆ ਅਤੇ ਜਮਨਾ ਦੇ ਕਿਨਾਰੇ ਬਰਾਹੜੀ ਘਾਟ ਪਹੁੰਚ ਗਿਆ। ਇੱਥੇ ਦਾਤਾ ਜੀ ਸਿੰਧਿਆ ਨੇ ਅਬਦਾਲੀ ਦੀ ਸੈਨਾ ਦਾ 9 ਜਨਵਰੀ, 1760 ਨੂੰ ਟਾਕਰਾ ਕੀਤਾ ਪਰ ਉਸ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖਣਾ ਪਿਆ। ਉਹ ਲੜਾਈ ਦੇ ਮੈਦਾਨ ਵਿੱਚ ਮਾਰਿਆ ਗਿਆ ਤੇ ਉਹਦੀ ਸੈਨਾ ਵਿੱਚ ਭਾਜੜ ਮੱਚ ਗਈ। ਜਿਧਰ ਕਿਸੇ ਸਿਪਾਹੀ ਨੂੰ ਰਾਹ ਮਿਲਿਆ, ਉਧਰ ਹੀ ਉਹ ਦੌੜ ਗਿਆ।ਅਬਦਾਲੀ ਹੋਰ ਅੱਗੇ ਵਧਿਆ। ਸਿਕੰਦਰਾਬਾਦ ਦੇ ਸਥਾਨ 'ਤੇ ਮਲਹਾਰ ਹੌਲਦਾਰ ਨੇ ਉਸ ਦਾ 4 ਮਾਰਚ, 1760 ਨੂੰ ਟਾਕਰਾ ਕੀਤਾ ਪਰ ਉਸ ਦੀ ਵੀ ਬੁਰੀ ਤਰ੍ਹਾਂ ਹਾਰ ਹੋਈ। ਅਬਦਾਲੀ ਨੇ ਦਿੱਲੀ ਤੇ ਕਬਜ਼ਾ ਕਰ ਲਿਆ ਪਰ ਉਸ ਨੇ ਉਥੇ ਰਹਿਣਾ ਯੋਗ ਨਾ ਸਮਝਿਆ ਤੇ ਅਵਧ ਦੀ ਸੀਮਾ ਤੇ ਅਨੂਪ ਸ਼ਹਿਰ ਜਾ ਪਹੁੰਚਿਆ। ਇਥੇ ਉਸ ਨੂੰ ਜੀ ਆਇਆ ਆਖਿਆ ਗਿਆ ਅਤੇ ਸੁਜ਼ਾ-ਉਦ-ਦੌਲਾ ਆਪਣੀ 40,000 ਦੀ ਸ਼ਕਤੀਸ਼ਾਲੀ ਸੈਨਾ ਲੈ ਕੇ ਉਹਦੇ ਨਾਲ ਆ ਮਿਲਿਆ। ਹੁਣ ਅਬਦਾਲੀ ਦੇ ਇਸ਼ਾਰੇ 'ਤੇ ਵੱਡੀ ਮਾਤਰਾ ਵਿੱਚ ਫੌਜ਼ ਕਿਸੇ ਪਾਸੇ ਵੀ ਹਮਲਾ ਕਰ ਸਕਦੀ ਸੀ। ਅਬਦਾਲੀ ਨੂੰ ਮੁੜ ਕੇ ਲੜਾਈ ਦੇ ਮੈਦਾਨ ਵਿੱਚ ਕੁੱਦਣ ਲਈ ਵੀ ਤਿਆਰੀ ਕਰਨ ਵਾਸਤੇ ਸਮਾਂ ਮਿਲ ਗਿਆ ਸੀ।ਉਧਰ ਆਪਣੀ ਹਾਰ ਕਾਰਨ ਮਰਹੱਟੇ ਤੜਫ ਉਠੇ। ਉਨ੍ਹਾਂ ਇਸ ਹਾਰ ਨੂੰ ਆਪਣਾ ਵੱਡਾ ਅਪਮਾਨ ਸਮਝਿਆ। ਜਦ ਪੂਨੇ ਵਿੱਚ ਹਾਰ ਦੀ ਖਬਰ ਪਹੁੰਚੀ ਤਾਂ ਪੇਸ਼ਵਾ ਨੇ ਜਿਤਨੀ ਫੌਜ ਉਹ ਇਕੱਠੀ ਕਰ ਸਕਦਾ ਸੀ, ਕੀਤੀ ਅਤੇ ਸਦਾਸ਼ਿਵ ਬਾਹੂ ਦੀ ਕਮਾਨ ਹੇਠ ਸੈਨਾ ਨੂੰ ਕੂਚ ਕਰਨ ਦਾ ਹੁਕਮ ਦਿੱਤਾ। ਸਦਾਸ਼ਿਵ ਬਾਹੂ ਮਸਾਂ 30 ਸਾਲਾਂ ਦਾ ਜਵਾਨ ਇੱਕ ਸੂਰਬੀਰ ਤੇ ਫੌਜ ਦਾ ਕਮਾਂਡਰ ਸੀ। ਉਹ ਹਨੇਰੀ ਵਾਂਗ ਅੱਗੇ ਵਧਿਆ ਅਤੇ 22 ਜੁਲਾਈ 1760 ਨੂੰ ਦਿੱਲੀ ਤੇ ਕਬਜ਼ਾ ਕਰ ਲਿਆ। ਹੁਣ ਅਬਦਾਲੀ ਦੀ ਸੈਨਾ ਪਾਨੀਪਤ ਦੇ ਸਥਾਨ ਤੇ ਇਕੱਠੀ ਹੋ ਚੁੱਕੀ ਸੀ ਅਤੇ ਲੜਾਈ ਦੇ ਮੈਦਾਨ ਵਿੱਚ ਕੁੱਦਣ ਲਈ ਪੂਰੀ ਤਰ੍ਹਾਂ ਤਿਆਰ ਸੀ। ਸਦਾਸ਼ਿਵ ਬਾਹੂ ਦੀ ਸੈਨਾ ਵੀ ਪਾਨੀਪਤ ਪਹੁੰਚ ਗਈ। ਦੋਵੇਂ ਫੌਜਾਂ ਆਮੋ-ਸਾਹਮਣੇ ਆ ਕੇ ਖੜੀਆਂ ਹੋ ਗਈਆਂ। ਬਾਹੂ ਬੜੀ ਵੱਡੀ ਸੈਨਾ ਲੈ ਕੇ ਆਇਆ ਸੀ। ਲਤੀਫ ਅਨੁਸਾਰ ਸੈਨਾ ਦੀ ਗਿਣਤੀ 3,00,000 ਸੀ ਜਿਸ ਵਿੱਚ 55,000 ਘੋੜ ਸਵਾਰ ਸ਼ਾਮਲ ਸਨ। ਸੈਨਾ ਕੋਲ 300 ਵੱਡੀਆਂ ਤੋਪਾਂ ਵੀ ਸਨ। ਅਬਦਾਲੀ ਦੀ ਸੈਨਾ ਦੀ ਗਿਣਤੀ 91,000 ਸੀ ਅਤੇ ਉਸ ਕੋਲ 70 ਤੋਪਾਂ ਸਨ।ਪਾਨੀਪਤ ਦੇ ਸਥਾਨ ਤੇ ਘਮਾਸਾਨ ਦਾ ਯੁੱਧ ਹੋਇਆ।ਇਸ ਨੂੰ ਪਾਨੀਪਤ ਦੀ ਤੀਜੀ ਲੜਾਈ ਆਖਿਆ ਜਾਂਦਾ ਹੈ।ਇਹ ਲੜਾਈ 14 ਜਨਵਰੀ, 1761 ਨੂੰ ਹੋਈ। ਦੋਹਾਂ ਪਾਸਿਆਂ ਦੀਆਂ ਸੈਨਾਵਾਂ ਨੇ ਇੱਕ ਦੂਜੇ ਦੀਆਂ ਰਸਦ ਪਹੁੰਚਾਉਣ ਵਾਲੀਆਂ ਸੜਕਾਂ ਤੇ ਰਸਤਿਆਂ ਨੂੰ ਕੱਟਣ ਦਾ ਭਰਪੂਰ ਯਤਨ ਕੀਤਾ।ਮਰਹੱਟਿਆਂ ਦੇ ਇੱਕ ਕਮਾਂਡਰ ਗੋਵਿੰਦ ਰਾਓ ਬੁੰਡੇਲਾ ਨੇ ਅਫਗਾਨਾਂ ਦੇ ਰਸਦ ਪਹੁੰਚਾਉਣ ਵਾਲੇ ਰਾਹ ਨੂੰ ਰੋਕ ਲਿਆ।ਅਫਗਾਨਾਂ ਲਈ ਬੜੀ ਚਿੰਤਾਜਨਕ ਸਥਿਤੀ ਪੈਦਾ ਹੋ ਗਈ। ਜੇ ਉਨ੍ਹਾਂ ਦਾ ਇਹ ਰਾਹ ਬੰਦ ਰਹਿੰਦਾ ਤਾਂ ਉਨ੍ਹਾਂ ਨੂੰ ਬੜੀ ਭਾਰੀ ਹਾਨੀ ਪਹੁੰਚ ਸਕਦੀ ਸੀ। ਅਤਾਈ ਖਾਨ ਨੇ ਸਥਿਤੀ ਨੂੰ ਸੰਭਾਲਿਆ ਤੇ ਗੋਵਿੰਦ ਰਾਓ ਦੇ ਕੈਂਪ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਜੜ੍ਹੋਂ ਉਖਾੜ ਦਿੱਤਾ। ਇਹ ਅਫਗਾਨਾਂ ਦੀ ਪਹਿਲੀ ਜਿੱਤ ਸੀ।ਅਫਗਾਨਾਂ ਦੀ ਸਫਲਤਾ ਦਾ ਰਾਹ ਖੁੱਲ੍ਹ ਗਿਆ। ਤਿੰਨ ਮਹੀਨੇ ਤੱਕ ਅਫਗਾਨੀਆਂ ਤੇ ਮਰਹੱਟਿਆਂ ਦੀਆਂ ਫੌਜਾਂ ਆਮੋ-ਸਾਹਮਣੇ ਡਟੀਆਂ ਰਹੀਆਂ। ਮਰਹੱਟਿਆਂ ਦਾ ਖਾਣ-ਪੀਣ ਦਾ ਸਾਮਾਨ ਖਤਮ ਹੋਣ ਲੱਗਾ ਅਤੇ ਉਹ ਭੁਖਿਆਂ ਮਰਨ ਲੱਗੇ। ਸਥਿਤੀ ਬੜੀ ਭਿਆਨਕ ਸੀ।ਮੁਹੰਮਦ ਲਤੀਫ ਲਿਖਦਾ ਹੈ, "ਬਾਹੂ ਅਤੇ ਵਿਸ਼ਵਾਸ ਰਾਉ ਦੋਵੇਂ ਘੋੜਿਆਂ ਤੇ ਚੜ੍ਹ ਗਏ। ਉਨ੍ਹਾਂ ਨੇ ਆਪਣੇ ਸਿਪਾਹੀਆਂ ਨੂੰ ਲੜਾਈ ਦੇ ਮੈਦਾਨ ਵਿੱਚ ਉਤਰਨ ਲਈ ਉਤਸ਼ਾਹਿਤ ਕੀਤਾ।ਉਨ੍ਹਾਂ ਦੇ ਹੌਂਸਲੇ ਵਧਾਏ। ਮਰਹੱਟਿਆਂ ਦੇ ਜੰਗੀ ਨਾਅਰੇ ਹਰਿ ਹਰਿ ਜੈ ਮਹਾਂਦੇਵ ਆਕਾਸ਼ ਵਿੱਚ ਗੂੰਜਣ ਲੱਗੇ। ਉਨ੍ਹਾਂ ਵਿੱਚਅਥਾਹ ਜੋਸ਼ ਭਰ ਗਿਆ। ਹਾਲਾਤ ਪੂਰੀ ਤਰ੍ਹਾਂ ਮਰਹੱਟਿਆਂ ਦੇ ਹੱਕ ਵਿੱਚ ਹੋ ਗਏ। ਨਵਾਬ ਸੁਜਾ-ਉਦ-ਦੌਲਾ, ਜਿਸ ਦੀ ਸੈਨਾ ਮਰਹੱਟਿਆਂ ਦੇ ਨੇੜੇ ਹੀ ਖੜੀ ਸੀ, ਨੂੰ ਕੁੱਝ ਦਿਖਾਈ ਨਹੀਂ ਸੀ ਦੇ ਰਿਹਾ ਕਿਉਂਕਿ ਇਤਨੀ ਮਿੱਟੀ ਉਡ ਰਹੀ ਸੀ ਕਿ ਉਹਦੇ ਵਿੱਚ ਸੈਨਾ ਘਿਰ ਗਈ। ਫਿਰ ਵਜ਼ੀਰ ਆਲਾਹ ਨੇ ਹਥਿਆਰਸੰਭਾਲੇ ਅਤੇ ਆਪਣੀ ਸੈਨਾ ਦੇ ਦੌੜ ਰਹੇ ਸਿਪਾਹੀਆਂ ਵਿੱਚ ਘੁੰਮ ਕੇ ਉਸ ਨੇ ਗੁੱਸੇ ਅਤੇ ਮਾਯੂਸੀ ਵਿੱਚ ਉਨ੍ਹਾਂ ਨੂੰ ਲਲਕਾਰਿਆ 'ਸਾਡਾ ਮੁਲਕ ਬਹੁਤ ਦੂਰ ਹੈ, ਤੁਸੀਂ ਨੱਠ ਕੇ ਕਿੱਥੇ ਜਾਉਗੇ?" ਸੁਜ਼ਾ ਜਮੀਨ ਤੋਂ ਨਾ ਹਿਲਿਆ ਪਰ ਵਜ਼ੀਰ ਦੀ ਸਹਾਇਤਾ ਕਰਨ ਲਈ ਅੱਗੇ ਵਧਿਆ। (ਹਿਸਟਰੀ ਆਫ਼ ਦੀ ਪੰਜਾਬ, ਸਫ਼ਾ 237)ਹੁਣ ਅਬਦਾਲੀ ਦੇ ਸੈਨਕ ਜੋਸ਼ ਵਿੱਚ ਆ ਗਏ। ਵਜ਼ੀਰ ਦੀ ਅਪੀਲ ਨੇ ਕਾਰਗਰ ਅਸਰ ਕੀਤਾ ਤੇ ਉਹ ਮਰਹੱਟਿਆਂ ਉਤੇ ਟੁੱਟ ਕੇ ਪੈ ਗਏ। ਮਰਹੱਟੇ ਵੀ ਪੂਰੀ ਉਤਸ਼ਾਹ ਤੋਂ ਹੌਂਸਲੇ ਨਾਲ ਲੜੇ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਚਲੀ। ਉਨ੍ਹਾਂ ਮੈਦਾਨ ਛੱਡਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਮਰਹੱਟੇ ਲੜਾਈ ਦੇ ਮੈਦਾਨ ਵਿੱਚ ਮਾਰੇ ਗਏ। ਬਾਕੀਆਂ ਨੂੰ ਜਿੱਧਰ ਰਾਹ ਮਿਲਿਆ ਦੌੜ ਗਏ। ਵਿਸ਼ਵਾਸ ਰਾਉ ਅਤੇ ਬਾਹੂ ਦੋਵੇਂ ਜਰਨੈਲ ਲੜਾਈ ਵਿੱਚ ਮਾਰੇ ਗਏ। ਉਨ੍ਹਾਂ ਦੀ ਸੈਨਾ ਖੇਰੂੰ-ਖੇਰੂੰ ਹੋ ਗਈ। ਸੈਨਾ ਦੀ ਵੱਧ ਗਿਣਤੀ ਵੀ ਅਫ਼ਗਾਨਾਂ ਦੀ ਸਿਖਿਅਤ ਸੈਨਾ ਦਾ ਟਾਕਰਾ ਨਾ ਕਰ ਸਕੀ।ਇਹ ਲੜਾਈ ਮਰਹੱਟਿਆਂ ਦੇ ਹੌਂਸਲੇ ਤੋੜ ਗਈ।ਇਸ ਤਰ੍ਹਾਂ ਅਫ਼ਗਾਨਾਂ ਦੀ ਭਾਰੀ ਜਿੱਤ ਹੋਈ। ਮਰਹੱਟਿਆਂ ਦੀ ਕਮਰ ਟੁੱਟ ਗਈ। ਉਨ੍ਹਾਂ ਦੇ ਜ਼ੁਆਨ ਤੇ ਨਾ ਤਜਰਬੇਕਾਰ ਕਮਾਂਡਰ ਉਨ੍ਹਾਂ ਦੀ ਹਾਰ ਦਾ ਕਾਰਨ ਬਣੇ।ਅਬਦਾਲੀ ਖੁਸ਼ੀ ਨਾਲ ਝੂਮ ਰਿਹਾ ਸੀ। ਸਾਰਾ ਹਿੰਦੁਸਤਾਨ ਹੀ ਉਹਦੇ ਰਹਿਮ ਉੱਤੇ ਨਿਰਭਰ ਸੀ। ਪਰ ਉਹ ਹਿੰਦੁਸਤਾਨ ਵਿੱਚ ਮੁਗਲ ਤਖ਼ਤ ਤੇ ਕਬਜ਼ਾ ਨਹੀਂ ਸੀ ਕਰਨਾ ਚਾਹੁੰਦਾ। ਇਸ ਲਈ ਉਹ ਥੋੜ੍ਹਾ ਚਿਰ ਦਿੱਲੀ ਰਿਹਾ। ਪਹਿਲਾਂ ਪੰਜਾਬ ਤੇ ਫਿਰ ਅਫ਼ਗਾਨਿਸਤਾਨ ਪਰਤ ਗਿਆ।ਜਦ ਪੰਜਾਬ ਤੋਂ ਬਾਹਰ ਅਬਦਾਲੀ ਮਰਹੱਟਿਆਂ ਨਾਲ ਲੋਹਾ ਲੈ ਰਿਹਾ ਸੀ ਤਾਂ ਸਿੱਖਾਂ ਨੂੰ ਆਪਣੇ ਆਪ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਮੌਕੇ ਤੋਂ ਪੂਰੀ ਤਰ੍ਹਾਂ ਲਾਭਉਠਾਇਆ, ਆਪਣੇ ਆਪ ਨੂੰ ਸੰਗਠਤ ਕੀਤਾ ਅਤੇ ਆਉਣ ਵਾਲੇ ਖਤਰਿਆਂ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਗਏ।ਅਬਦਾਲੀ ਨੇ ਕਰੀਮ ਦਾਦ ਖਾਨ, ਜਿਸ ਨੂੰ ਉਸ ਨੇ ਲਾਹੌਰ ਦਾ ਪ੍ਰਬੰਧਕ ਬਣਾਇਆ ਸੀ, ਨੂੰ ਆਪਣੇ ਅਹੁਦੇ ਤੋਂ ਹਟਾ ਦਿੱਤਾ ਕਿਉਂਕਿ ਉਸ ਦੀਆਂ ਸੇਵਾਵਾਂ ਲੜਾਈ ਦੇ ਮੈਦਾਨ ਵਿੱਚ ਲੋੜੀਂਦੀਆਂ ਸਨ। ਸਰਬੁਲੰਦ ਖਾਨ ਨੂੰ ਲਾਹੌਰ ਦਾ ਪ੍ਰਬੰਧਕ ਬਣਾਇਆ ਗਿਆ ਪਰ ਉਹ ਇਤਨਾ ਡਰਪੋਕ ਨਿਕਲਿਆ ਕਿ ਉਸ ਨੇ ਲਾਹੌਰ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ। ਉਹ ਹੁਣ ਸਿੱਖਾਂ ਦੀ ਤਾਕਤ ਅੱਗੇ ਬੇਵਸ ਸੀ। ਉਸ ਨੇ ਸਾਕਤ ਯਾਰ ਖਾਨ ਨੂੰ ਲਾਹੌਰ ਭੇਜ ਦਿੱਤਾ। ਸਿੱਖਾਂ ਦੀ ਵੱਧ ਰਹੀ ਤਾਕਤ ਉਨ੍ਹਾਂ ਲਈਖਤਰਾ ਬਣ ਰਹੀ ਸੀ ਜਿਸ ਨੂੰ ਸਹਾਰਿਆ ਨਹੀਂ ਸੀ ਜਾ ਸਕਦਾ।ਸਭ ਤੋਂ ਪਹਿਲਾਂ ਚਾਰ ਮਹਲਾ ਦੇ ਸੂਬੇਦਾਰ ਰੁਸਤਮ ਖਾਨ ਨੇ ਸਿੱਖਾਂ ਦਾ ਪਿੱਛਾ ਕੀਤਾ ਪਰ ਸਿੱਖਾਂ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ, ਕੈਦ ਵਿੱਚ ਰੱਖਿਆ ਅਤੇ ਉਦੋਂ ਛੱਡਿਆ ਜੱਦ ਉਨ੍ਹਾਂ ਨੇ ਉਹਦੀ ਰਿਹਾਈ ਲਈ 22,000 ਰੁਪਏ ਵਸੂਲ ਕਰ ਲਏ।ਸਾਕਤ ਯਾਰ ਖਾਨ ਨੂੰ ਜਦ ਇਸ ਘਟਨਾ ਦਾ ਪਤਾ ਚਲਿਆ ਤਾਂ ਉਹ ਇਤਨਾ ਸਹਿਮ ਗਿਆ ਕਿ ਉਸ ਨੇ ਅਸਤੀਫਾ ਦੇ ਦਿੱਤਾ।ਆਖਰ ਮੀਰ ਮੁਹੰਮਦ ਖਾਨ ਲਾਹੌਰ ਦਾ ਪ੍ਰਬੰਧਕ ਬਣਿਆ। ਉਹ ਹਾਲੀ ਸਥਿਤੀ ਨੂੰ ਵਾਚ ਹੀ ਰਿਹਾ ਸੀ ਕਿ ਸਿੱਖਾਂ ਵੱਲੋਂ ਦਿਵਾਲੀ ਦੇ ਪਵਿੱਤਰ ਤਿਉਹਾਰ 'ਤੇ ਅੰਮ੍ਰਿਤਸਰ ਨਵੰਬਰ 1760 ਵਿੱਚ ਬੜਾ ਭਾਰੀ ਇਕੱਠ ਹੋਇਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ੍ਰ. ਚੇਤ ਸਿੰਘ ਕਨ੍ਹਈਆ ਅਤੇ ਸਰਦਾਰ ਲਹਿਣਾ ਸਿੰਘ ਨੇ ਆਪਸ ਵਿੱਚ ਸਲਾਹ ਮਸ਼ਵਰਾ ਕੀਤਾ ਅਤੇ 7 ਨਵੰਬਰ, 1760 ਨੂੰ ਗੁਰਮਤਾ ਕੀਤਾ ਗਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਲਾਹੌਰ 'ਤੇ ਹਮਲਾ ਕਰ ਦਿੱਤਾ ਜਾਏ ਅਤੇ ਉਸ ਨੂੰ ਆਪਣੇ ਕਬਜ਼ੇ ਅਧੀਨ ਕਰ ਲਿਆ ਜਾਏ।ਗੁਰਮਤੇ ਤੇ ਅਮਲ ਕਰਨ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ 10000 ਸਿੰਘਾਂ ਨੇ ਲਾਹੌਰ ਤੇ ਚੜ੍ਹਾਈ ਕੀਤੀ। ਸਿੰਘ ਜੈਕਾਰੇ ਗਜਾਉਂਦੇ ਹੋਏ ਅੱਗੇ ਵਧੇ ਅਤੇ ਸ਼ਹਿਰ ਨੂੰ ਘੇਰ ਲਿਆ ਪਰ ਮੀਰ ਮੁਹੰਮਦ ਖਾਨ ਨੇ ਸ਼ਹਿਰ ਦੇ ਦਰਵਾਜੇ ਬੰਦ ਕਰਾ ਦਿੱਤੇ ਤੇ ਆਪ ਕਿਲ੍ਹੇ ਅੰਦਰ ਛੁਪ ਗਿਆ।ਸਿੱਖਾਂ ਨੇ ਸਾਰੇ ਸੰਚਾਰ ਸਾਧਨ ਕੱਟ ਦਿੱਤੇ, ਕੁੱਝ ਬਾਹਰਲੇ ਇਲਾਕਿਆਂ ਵਿੱਚ ਲੁੱਟ ਮਾਰ ਕੀਤੀ। ਫਸਲਾਂ ਨੂੰ ਸਾੜਿਆ ਫੂਕਿਆ ਅਤੇ ਨਿਡਰ ਹੋ ਕੇ ਸ਼ਹਿਰ ਦੇ ਆਲੇ-ਦੁਆਲੇ ਚੱਕਰ ਕੱਟਣ ਲੱਗੇ। ਸ਼ਹਿਰ ਦੇ ਕੁੱਝ ਮੋਹਿਤਬਾਰਾਂ ਨੇ ਸੂਬੇਦਾਰ ਨੂੰ ਬੇਨਤੀ ਕੀਤੀ ਕਿ ਸਿੱਖਾਂ ਨੂੰ 30000 ਰੁਪਿਆ ਦੇ ਦਿੱਤਾ ਜਾਵੇ ਤਾਂ ਉਹ ਸ਼ਹਿਰ ਛੱਡ ਜਾਣਗੇ। ਇਸੇ ਤਰ੍ਹਾਂ ਕੀਤਾ ਗਿਆ ਅਤੇ ਸਿੱਖ ਵਾਪਸ ਮੁੜ ਗਏ।ਅਪ੍ਰੈਲ, 1761 ਵਿੱਚ ਅਬਦਾਲੀ ਨੇ ਅਫਗਾਨਿਸਤਾਨ ਮੁੜਨ ਦਾ ਨਿਸ਼ਚਾ ਕੀਤਾ। ਸਿੱਖਾਂ ਨੇ ਉਸ ਦੀ ਸੈਨਾ ਦਾ ਪਿੱਛਾ ਕੀਤਾ ਅਤੇ ਜਦ ਉਹ ਸਤਲੁਜ ਪਾਰ ਕਰ ਰਿਹਾ ਸੀ ਤਾਂ ਉਸ ਨੂੰ ਜਾ ਘੇਰਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਪਤਾ ਲੱਗ ਚੁੱਕਿਆ ਸੀ ਕਿ ਅਬਦਾਲੀ ਆਪਣੇ ਨਾਲ ਲੁੱਟ ਦੇ ਮਾਲ ਤੋਂ ਬਿਨਾਂ ਹਿੰਦੁਸਤਾਨ ਦੀ ਇੱਜ਼ਤ ਆਬਰੂ ਵੀ ਨਾਲ ਲਿਜਾ ਰਿਹਾ ਹੈ। ਉਹਦੀ ਸੈਨਾ ਨੇ 2200 ਨੌਜੁਆਨ ਲੜਕੀਆਂ ਨਾਲ ਲਿਜਾਣ ਲਈ ਫੜੀਆਂ ਹੋਈਆਂ ਸਨ। ਸਿੱਖਾਂ ਦੇ ਆਚਰਣ ਦਾ ਲੋਕਾਂ ਦੇ ਮਨਾਂ ਤੇ ਡੂੰਘਾ ਪ੍ਰਭਾਵ ਪਿਆ। ਇਸ ਪ੍ਰਭਾਵ ਨਾਲ ਉਨ੍ਹਾਂ ਲੋਕਾਂਦੇ ਮਨ ਜਿੱਤ ਲਏ। ਉਨ੍ਹਾਂ ਦੀ ਹਰ ਪਾਸੇ ਪ੍ਰਸੰਸਾ ਹੋਣ ਲੱਗੀ।ਪੰਜਾਬ ਤੋਂ ਜਾਣ ਤੋਂ ਪਹਿਲਾਂ ਅਬਦਾਲੀ ਨੇ ਸਰਬੁਲੰਦ ਖਾਨ ਨੂੰ ਲਾਹੌਰ ਦਾ ਸੂਬੇਦਾਰ, ਖਵਾਜਾ ਉਬੇਦ ਨੂੰ ਮੁਲਤਾਨ ਦਾ ਸੂਬੇਦਾਰ ਅਤੇ ਕਾਂਗੜੇ ਦੇ ਰਾਜਾ ਘੁੰਮਡ ਚੰਦ ਕਟੋਚ ਨੂੰ ਜਲੰਧਰ ਦੁਆਬ ਦਾ ਸੂਬੇਦਾਰ ਨਿਯੁਕਤ ਕੀਤਾ। ਜੈਨ ਖਾਨ ਨੇ ਸਰਹੰਦ ਦਾ ਚਾਰਜ ਸੰਭਾਲਿਆ। ਜਲੰਧਰ ਦੁਆਬ ਦੇ ਸੂਬੇਦਾਰ ਦੇ ਦੋ ਸਹਾਇਕ ਸਾਕਤ ਖਾਨ ਅਤੇ ਸਾਦਿਕ ਖਾਨ ਅਫਰੀਦੀ ਵੀ ਨਿਯੁਕਤ ਕੀਤੇ ਗਏ। ਅਬਦਾਲੀ ਨੇ ਇਨ੍ਹਾਂ ਨੂੰ ਸਖਤ ਹੁਕਮ ਦਿੱਤੇ ਕਿ ਉਹ ਸਿੱਖਾਂ ਦਾ ਪਿੱਛਾ ਕਰਨ, ਉਨ੍ਹਾਂ ਨੂੰ ਤਸੀਹੇ ਦੇਣ ਅਤੇ ਕਰੜੀਆਂ ਸਜ਼ਾਵਾਂ ਦਿੱਤੀਆਂ ਜਾਣ। ਪਰ ਸਿੱਖਾਂ 'ਤੇ ਇਹਦਾ ਕੋਈ ਅਸਰ ਨਾ ਹੋਇਆ। ਉਨ੍ਹਾਂ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ। ਜਦ ਅਬਦਾਲੀ ਸਿੰਧ ਪਾਰ ਕਰ ਗਿਆ ਤਾਂ ਸਿੱਖ ਚਾਰ ਚੁਫੇਰੇ ਖਿੰਡ ਗਏ ਅਤੇ ਸਾਰੇ ਪਾਸਿਉਂ ਹਮਲੇ ਕਰਨ ਲੱਗੇ। ਉਨ੍ਹਾਂ ਨੇ ਖਵਾਜ਼ਾ ਮਿਰਜ਼ਾ ਬੇਗ, ਚਾਰ ਮਹਲਾ ਦੇ ਸੂਬੇਦਾਰ ਦੇ 1000 ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।ਹੁਣ ਸਿੱਖਾਂ ਨੇ ਜਲੰਧਰ ਦੁਆਬ ਵੱਲ ਰੁੱਖ ਕੀਤਾ ਅਤੇ ਉਨ੍ਹਾਂ ਕੋਲ 30,000 ਦੀ ਫੌਜ਼ ਸੀ। ਫੌਜ਼ਦਾਰ ਸਾਦਤ ਖਾਨ ਅਤੇ ਸਾਦਿਕ ਖਾਨ ਅਫਰੀਦੀ ਮੈਦਾਨ ਛੱਡ ਕੇ ਦੌੜ ਗਏ। ਇੱਕ ਜਿੱਤ ਮਗਰੋਂ ਦੂਜੀ ਜਿੱਤ ਨੇ ਸਿੱਖਾਂ ਦੇ ਹੌਂਸਲੇ ਬਹੁਤ ਬੁਲੰਦ ਕਰ ਦਿੱਤੇ। ਉਨ੍ਹਾਂ ਦਾ ਹੁਣ ਅਗਲਾ ਨਿਸ਼ਾਨਾ ਸਰਹੰਦ ਸੀ ਜਿਹੜਾ ਉਨ੍ਹਾਂ ਦੀ ਮਾਰ ਤੋਂ ਕਦੀ ਵੀ ਨਾ ਬਚ ਸਕਿਆ। ਸਰਹੰਦ 'ਤੇ ਹਮਲਾ ਕੀਤਾ ਗਿਆ। ਪਿੰਡਾਂ ਵਿੱਚ ਤਬਾਹੀ ਮਚਾਈ ਗਈ।ਫਿਰ ਸ਼ਹਿਰ ਦੀ ਵਾਰੀ ਆਈ। ਲੁੱਟ ਮਾਰ ਕੀਤੀ ਗਈ, ਅੱਗਾਂ ਲਗਾਈਆਂ ਗਈਆਂ। ਕਈ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਹੁਣ ਸਿੱਖਾਂ ਦੇ ਟਾਕਰੇ ਲਈ ਮਲੇਰ ਕੋਟਲੇ ਦਾ ਹਾਕਮ ਭੀਖਨ ਖਾਨ ਮੈਦਾਨ ਵਿੱਚ ਨਿਕਲਿਆ। ਉਸ ਨੇ ਸਿੱਖਾਂ ਤੇ ਤਕੜਾ ਹਮਲਾ ਕੀਤਾ ਅਤੇ ਸਿੱਖਾਂ ਨੂੰ ਸ਼ਹਿਰ ਛੱਡਣਾ ਪਿਆ ਪਰ ਛੇਤੀ ਹੀ ਮਗਰੋਂ ਉਨ੍ਹਾਂ ਮਲੇਰ ਕੋਟਲੇ 'ਤੇ ਹਮਲਾ ਕਰ ਦਿੱਤਾ ਤਾਂ ਜੋ ਭੀਖਨ ਖਾਨ ਨੂੰ ਸਬਕ ਸਿਖਾਇਆ ਜਾ ਸਕੇ। ਸ਼ਹਿਰ ਦਾ ਘੇਰਾ ਪਾ ਲਿਆ ਗਿਆ। ਸੰਚਾਰ ਸਾਧਨ ਕੱਟ ਦਿੱਤੇ ਗਏ। ਕੁੱਝ ਇਲਾਕਿਆਂ ਵਿੱਚ ਲੁੱਟ ਮਾਰ ਕੀਤੀ ਗਈ। ਅੱਗਾਂ ਲਗਾਈਆਂ ਗਈਆਂ ਅਤੇ ਅਖੀਰ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਗਿਆ।ਅਬਦਾਲੀ ਅਫਗਾਨਿਸਤਾਨ ਪਹੁੰਚਿਆ ਤਾਂ ਉਹ ਗੁੱਸੇ ਨਾਲ ਭਰਿਆ ਪਿਆ ਸੀ। ਸਿੱਖਾਂ ਨੇ ਨਾ ਕੇਵਲ ਉਹਦੀ ਸੈਨਾ ਕੋਲੋਂ ਕਾਫੀ ਮਾਲ ਹੀ ਲੁੱਟ ਲਿਆ ਸੀ, ਸਗੋਂ 2200 ਲੜਕੀਆਂ ਨੂੰ ਵੀ ਛੁਡਾ ਲਿਆ ਗਿਆ। ਪਰ ਅਬਦਾਲੀ ਵੀ ਚੈਨ ਨਾਲ ਨਹੀਂ ਸੀ ਬੈਠ ਸਕਦਾ। ਉਸ ਨੇ ਆਪਣੇ ਕਮਾਂਡਰ ਨੂਰ ਉਦ ਦੀਨ ਨੂੰਸਿੱਖਾਂ ਨਾਲ ਨਜਿੱਠਣ ਲਈ ਭੇਜਿਆ। ਨੂਰ ਉਦ ਦੀਨ ਅਗਸਤ, 1761 ਵਿੱਚ ਹਿੰਦੁਸਤਾਨ ਦਾਖਲ ਹੋਇਆ। ਜੇਹਲਮ ਦਰਿਆ ਪਾਰ ਕੀਤਾ ਅਤੇ ਕਈ ਸ਼ਹਿਰਾਂ ਦੀ ਲੁੱਟ ਮਾਰ ਕੀਤੀ। ਫਿਰ ਉਹ ਝਨਾਬ ਦਰਿਆ ਦੇ ਕੰਢੇ ਉਤੇ ਆ ਪਹੁੰਚਿਆ। ਇੱਥੇ ਸਰਦਾਰ ਚੜ੍ਹਤ ਸਿੰਘ ਸ਼ੁਕਰ ਚੱਕੀਆ ਨੇ ਉਸ ਨੂੰ ਵੰਗਾਰਿਆ ਅਤੇ ਇਸ ਤਰ੍ਹਾਂ ਨੂਰ ਉਦ ਦੀਨ ਦਾ ਅੱਗੇ ਵਧਣਾ ਰੁੱਕ ਗਿਆ। ਲੜਾਈ ਹੋਈ, ਜਿਸ ਵਿੱਚ ਨੂਰ ਉਦ ਦੀਨ ਨੇ ਹਾਰ ਖਾਧੀ। ਨੱਸ ਰਹੀ ਫੌਜ਼ ਦਾ ਸਰਦਾਰ ਚੜ੍ਹਤ ਸਿੰਘ ਨੇ ਪਿੱਛਾ ਕੀਤਾ। ਫੌਜ਼ ਨੇ ਸਿਆਲਕੋਟ ਜਾ ਕੇ ਸਾਹ ਲਿਆ। ਸਿੱਖਾਂ ਨੇ ਸ਼ਹਿਰ ਨੂੰ ਘੇਰ ਲਿਆ। ਅਫਗਾਨੀ ਫੌਜ ਵਿੱਚ ਖਲਬਲੀ ਮੱਚੀ ਹੋਈ ਸੀ। ਨੂਰ ਉਦ ਦੀਨ ਭੇਸ ਬਦਲ ਕੇ ਕਿਤੇ ਦੌੜ ਗਿਆ। ਉਹ ਆਪਣੀ ਫੌਜ ਨੂੰ ਆਪਣੇ ਹਾਲ ਤੇ ਛੱਡ ਗਿਆ ਜਿਹੜੀ ਸਿੱਖਾਂ ਦੀ ਮਾਰ ਅੱਗੇ ਬਹੁਤਾ ਚਿਰ ਨਾ ਠਹਿਰ ਸਕੀ। ਉਸ ਨੇ ਹਥਿਆਰ ਸੁੱਟ ਦਿੱਤੇ। ਸਰਦਾਰ ਚੜ੍ਹਤ ਸਿੰਘ ਸ਼ੁਕਰ ਚੱਕੀਆ ਦੀ ਇਹ ਇੱਕ ਵੱਡੀ ਜਿੱਤ ਸੀ। ਉਹ ਬੜੀ ਸ਼ਾਨ ਨਾਲ ਗੁਜਰਾਂ ਵਾਲੇ ਪਰਤਿਆ।ਖੂਬ ਖੁਸ਼ੀਆਂ ਮਨਾਈਆਂ ਗਈਆਂ। ਉਹਦੀ ਜੈ-ਜੈ ਕਾਰ ਹੋ ਗਈ। ਇਸ ਜਿੱਤ ਮਗਰੋਂ ਸਿੱਖਾਂ ਦੀ ਜ਼ੁਅਰਤ ਵੱਧ ਗਈ ਅਤੇ ਹੁਣ ਉਨ੍ਹਾਂ ਨੇ ਖੁਲ੍ਹੇ ਆਮ ਸ਼ਾਹੀ ਸੈਨਾ ਨਾਲ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਉਹ ਮਾਲੀਆ ਉਗਰਾਹੁਣ ਵਾਲੇ ਅਧਿਕਾਰੀਆਂ ਦੇ ਰਾਹ ਵਿੱਚ ਰੋੜੇ ਅਟਕਾਉਂਦੇ ਸਨ। ਇਸ ਤਰ੍ਹਾਂ ਮਾਲੀਆ ਇਕੱਠਾ ਨਹੀਂ ਸੀ ਹੋ ਰਿਹਾ ਅਤੇ ਸਰਕਾਰੀ ਖਜ਼ਾਨਾ ਖਾਲੀ ਹੋਣ ਲੱਗਾ। ਪ੍ਰਬੰਧਕ ਢਾਂਚਾ ਖੇਰੂੰ-ਖੇਰੂੰ ਹੋ ਰਿਹਾ ਸੀ।ਸਰਦਾਰ ਚੜ੍ਹਤ ਸਿੰਘ ਸ਼ੁਕਰ ਚੱਕੀਆ ਨੇ ਗੁਜਰਾਂਵਾਲੇ ਵਿੱਚ ਇੱਕ ਕਿਲ੍ਹੇ ਦੀ ਉਸਾਰੀ ਕਰ ਲਈ ਸੀ। ਜਿਹੜਾ ਹਾਕਮਾਂ ਦੀਆਂ ਅੱਖਾਂ ਵਿੱਚ ਰੜ੍ਹਕਦਾ ਸੀ। ਖਵਾਜ਼ਾ ਉਬੇਦ ਨੇ ਫੌਜ਼ ਵਿੱਚ ਨਵੀਂ ਭਰਤੀ ਕੀਤੀ ਤਾਂ ਜੋ ਸਿੱਖਾਂ ਨੂੰ ਕੁਚਲਿਆ ਜਾ ਸਕੇ। ਉਸ ਨੇ 10,000 ਸਿਪਾਹੀ ਆਪਣੀ ਫੌਜ ਵਿੱਚ ਭਰਤੀ ਰੱਖੇ ਅਤੇ ਗੁਜਰਾਂਵਾਲੇ ਵੱਲ ਕੂਚ ਕੀਤਾ ਅਤੇ ਜਦ ਉਹ ਸ਼ਹਿਰ ਦੇ ਨੇੜੇ ਪਹੁੰਚਿਆ ਤਾਂ ਸ੍ਰ. ਚੜ੍ਹਤ ਸਿੰਘ ਦੀ ਸੈਨਾ ਨੇ ਅੱਗੋਂ ਡੱਟ ਕੇ ਮੁਕਾਬਲਾ ਕੀਤਾ। ਉਬੇਦ ਖਾਨ ਦੀ ਫੌਜ਼ ਚੜ੍ਹਤ ਸਿੰਘ ਦੀ ਉਚਤਮ ਸੈਨਾ ਅੱਗੇ ਨਾ ਠਹਿਰ ਸਕੀ। ਉਧਰ ਬਾਕੀ ਦੇ ਸਿੱਖ ਸਰਦਾਰ ਸ੍ਰ. ਹਰੀ ਸਿੰਘ ਭੰਗੀ, ਸ੍ਰ. ਝੰਡਾ ਸਿੰਘ, ਸ. ਗੁਜਰ ਸਿੰਘ, ਸ੍ਰ. ਜੈ ਸਿੰਘ ਕਨ੍ਹਈਆਂ, ਸ. ਲਹਿਣਾ ਸਿੰਘ ਅਤੇ ਸੋਭਾ ਸਿੰਘ ਵੀ ਆਪਣੀ ਸੈਨਾ ਲੈ ਕੇ ਸਰਦਾਰ ਚੜ੍ਹਤ ਸਿੰਘ ਦੀ ਸਹਾਇਤਾ ਲਈ ਪਹੁੰਚ ਗਏ। ਉਨ੍ਹਾਂ ਸ਼ਹਿਰ ਤੋਂ 4 ਮੀਲ ਬਾਹਰ ਡੇਰਾ ਜਮਾਇਆ। ਚਾਰੇ ਪਾਸੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਪੈ ਰਹੀ ਸੀ।ਖਵਾਜ਼ਾ ਉਬੇਦ ਡਰ ਤੇ ਭੈਅ ਨਾਲ ਸਹਿਮ ਗਿਆ। ਉਸ ਨੂੰ ਘੇਰ ਲਿਆ ਗਿਆ। ਉਹ ਇਤਨਾ ਡਰਿਆ ਹੋਇਆ ਸੀ ਕਿ ਰਾਤ ਦੇ ਹਨੇਰੇ ਵਿੱਚ ਕਿਤੇ ਦੌੜ ਗਿਆ। ਸਿੱਖਾਂ ਨੇ ਉਹਦੀ ਸੈਨਾ 'ਤੇ ਹਮਲਾ ਕੀਤਾ, ਪਰ ਉਨ੍ਹਾਂ ਵਿੱਚ ਮੁਕਾਬਲਾ ਕਰਨ ਦੀ ਸ਼ਕਤੀ ਨਹੀਂ ਸੀ। ਉਨ੍ਹਾਂ ਨੂੰ ਜਿਸ ਪਾਸੇ ਰਾਹ ਮਿਲਿਆ, ਉਧਰ ਹੀ ਦੌੜ ਗਏ। ਸਿੱਖਾਂ ਦੇ ਹੱਥ ਬਹੁਤ ਸਾਰਾ ਜੰਗੀ ਸਾਮਾਨ ਲੱਗਿਆ। ਸਿੱਖ ਮਾਲਾ ਮਾਲ ਹੋ ਗਏ। ਸਰਕਾਰ ਦੇ ਮਾਣ ਨੂੰ ਸਖਤ ਧੱਕਾ ਵਜਿਆ। ਸਰਦਾਰ ਚੜ੍ਹਤ ਸਿੰਘ ਦੀ ਚੜ੍ਹਤ ਮੱਚ ਗਈ। ਸਿੱਖ ਹੁਣ ਛਾਤੀਆਂ ਕੱਢ ਕੇ ਹਾਕਮਾਂ ਨੂੰ ਲਲਕਾਰਨ ਲੱਗੇ। ਸਿੱਖਾਂ ਨੂੰ ਜਿੱਤ ਦਾ ਨਸ਼ਾ ਤਾਂ ਚੜ੍ਹਿਆ ਪਰ ਉਨ੍ਹਾਂ ਵਿੱਚ ਹੰਕਾਰ ਬਿਲਕੁਲ ਨਹੀਂ ਆਇਆ। ਉਨ੍ਹਾਂ ਦਾ ਅਕਾਲ ਪੁਰਖ ਵਿੱਚ ਵਿਸ਼ਵਾਸ ਅਟੱਲ ਰਿਹਾ।ਦੀਵਾਲੀ ਦਾ ਤਿਉਹਾਰ ਆ ਗਿਆ। ਸਿੱਖ 22 ਅਕਤੂਬਰ, 1761 ਨੂੰ ਅੰਮ੍ਰਿਤਸਰ ਇਕੱਠੇ ਹੋਏ। ਉਨ੍ਹਾਂ ਹਰਿਮੰਦਰ ਸਾਹਿਬ ਵਿੱਚ ਅਰਦਾਸ ਕੀਤੀ ਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ। ਇੱਕ ਗੁਰਮਤਾ ਵੀ ਕੀਤਾ ਗਿਆ ਕਿ ਜੰਡਿਆਲੇ ਦੇ ਅਹਿਲਕਾਰਾਂ ਨੂੰ ਅਵੱਸ਼ ਸਜ਼ਾ ਦੇਣੀ ਚਾਹੀਦੀ ਹੈ। ਉਸ ਨੂੰ ਆਪਣੀਆਂ ਕਰਤੂਤਾਂ ਦਾ ਸਿਲਾ ਮਿਲਣਾ ਚਾਹੀਦਾ ਹੈ। ਇਹ ਵੀ ਮਿਥਿਆ ਗਿਆ ਕਿ ਲਾਹੌਰ ਤੇ ਮੁੜ ਕੇ ਹਮਲਾ ਕੀਤਾ ਜਾਏ। ਲਾਹੌਰ ਪੰਜਾਬ ਦਾ ਦਿਲ ਹੈ ਅਤੇ ਲਾਹੌਰ ਤੇ ਕਬਜ਼ੇ ਤੋਂ ਬਿਨਾਂ ਸਿੱਖ ਪੰਜਾਬ ਵਿੱਚ ਉੱਚਤਮ ਤਾਕਤ ਨਹੀਂ ਬਣ ਸਕਦੇ। ਪੰਜ ਦਰਿਆਵਾਂ ਦੀ ਧਰਤੀ, ਉਨ੍ਹਾਂ ਦੇ ਪੈਰਾਂ ਹੇਠਾਂ ਤਦੇ ਆ ਸਕਦੀ ਹੈ, ਜੇ ਲਾਹੌਰ ਵਿੱਚ ਖਾਲਸਈ ਝੰਡਾ ਲਹਿਰਾਇਆ ਜਾਏ।ਗੁਰਮਤਾ ਪਾਸ ਕੀਤਾ ਗਿਆ ਕਿ ਨਾਲ ਹੀ ਉਹਦੇ ਤੇ ਅਮਲ ਸ਼ੁਰੂ ਹੋ ਗਿਆ। ਸਿੱਖ ਸੈਨਾ, ਦਲ ਖਾਲਸਾ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਲਾਹੌਰ ਵੱਲ ਕੂਚ ਕੀਤਾ। ਸ਼ਹਿਰ ਦੇ ਆਲੇ ਦੁਆਲੇ ਘੇਰਾ ਪਾ ਲਿਆ ਗਿਆ।ਸੰਚਾਰ ਸਾਧਨ ਕੱਟ ਦਿੱਤੇ ਗਏ। ਕਿਸੇ ਵਿਅਕਤੀ ਨੂੰ ਨਾ ਸ਼ਹਿਰ ਦੇ ਅੰਦਰ ਜਾਣ ਜਾਂ ਸ਼ਹਿਰ ਤੋਂ ਬਾਹਰ ਨਿਕਲਣ ਦੀ ਆਗਿਆ ਸੀ। ਸੂਬੇਦਾਰ ਉਬੇਦ ਖਾਨ ਨੇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ। ਉਹਦੇ ਵਿੱਚ ਬਾਹਰ ਨਿਕਲਣ ਦਾ ਹੌਂਸਲਾ ਨਹੀਂ ਸੀ। ਸ਼ਹਿਰ ਦੇ ਲੋਕ ਇਤਨਾ ਡਰ ਗਏ ਕਿ ਉਨ੍ਹਾਂ ਨੇ ਸ਼ਹਿਰ ਦੇ ਬੂਹੇ ਖੋਲ੍ਹ ਦਿੱਤੇ। ਉਨ੍ਹਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨਾਲ ਗੱਲਬਾਤ ਕੀਤੀ ਅਤੇ ਆਪਣੀ ਸੁਰੱਖਿਆ ਮੰਗੀ। ਸਰਦਾਰ ਆਹਲੂਵਾਲੀਏ ਨੇ ਉਨ੍ਹਾਂ ਨੂੰ ਵਚਨ ਦਿੱਤਾ ਕਿ ਸ਼ਾਂਤਮਈ ਸ਼ਹਿਰੀਆਂ ਨੂੰ ਕੁੱਝ ਨਹੀਂ ਆਖਿਆ ਜਾਏਗਾ। ਸ਼ਹਿਰ ਵਿੱਚ ਸਿੱਖਾਂ ਦਾ ਬੋਲ ਬਾਲਾ ਹੋ ਗਿਆ। ਕੁੱਝ ਚਿਰ ਮਗਰੋਂ ਖਵਾਜ਼ਾ ਉਬੇਦ ਕਿਲ੍ਹੇ ਦੇ ਅੰਦਰ ਹੀ ਡਰ ਨਾਲ ਮਰ ਗਿਆ। ਸਾਰਾ ਸ਼ਹਿਰ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ। ਇਹ ਦਿਨ ਸਿੱਖ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਏਗਾ।ਲਾਹੌਰ ਤੇ ਕਬਜ਼ਾ ਹੋ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਉਸ ਨੂੰ ਸੁਲਤਾਨ ਉਲ ਕੌਮ ਦਾ ਖਿਤਾਬ ਦਿੱਤਾ ਗਿਆ। ਨਵਾਬ ਕਪੂਰ ਸਿੰਘ ਦੀ ਭਵਿੱਖਬਾਣੀ ਸੱਚ ਨਿਕਲੀ ਅਤੇ ਸਿੰਘਾਂ ਦਾ ਸੁਪਨਾ ਸਾਕਾਰ ਹੋ ਗਿਆ। ਖਜਾਨੇ ਉਤੇ ਕਬਜ਼ਾ ਹੋਇਆ। ਸਿੰਘਾਂ ਨੇ ਸਿੱਕਾ ਜਾਰੀ ਕੀਤਾ। ਸਿੱਕੇ ਉਤੇ ਉਕਰਿਆ ਹੋਇਆ।"ਦੇਗ ਤੇਗ ਫਤਹ ਨੁਸਰਤ ਬੇਦਰੰਗ ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ।"ਕਿਹਾ ਜਾਂਦਾ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਆਪਣੇ ਨਾਂ ਦੇ ਸਿੱਕੇ ਜਾਰੀ ਕੀਤੇ ਪਰ ਇਹ ਗੱਲ ਠੀਕ ਨਹੀਂ ਜਾਪਦੀ ਕਿਉਂਕਿ ਕੋਈ ਵੀ ਸਿੱਖ ਸਰਦਾਰ ਆਪਣੇ ਨਾਂ ਦਾ ਸਿੱਕਾ ਜਾਰੀ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦਾ।ਲਾਹੌਰ ਦੀ ਜਿੱਤ ਸਿੱਖਾਂ ਵੱਲੋਂ ਆਪਣੀ ਸਲਤਨਤ ਕਾਇਮ ਕਰਨ ਲਈ ਇਹ ਮਹੱਤਵਪੂਰਨ ਕਦਮ ਸੀ। ਹੁਣ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਛੇਤੀ ਹੀ ਸਿੱਖ ਸਾਰੇ ਪੰਜਾਬ ਦੇ ਮਾਲਕ ਬਣ ਜਾਣਗੇ ਪਰ ਜਿਵੇਂ ਹਰੀ ਰਾਮ ਗੁਪਤਾ ਲਿਖਦਾ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਦੇ ਭਾਗਾਂ ਵਿੱਚ ਲਿਖਿਆ ਹੋਇਆ ਸੀ। ਕਿ ਸਿੱਖਾਂ ਦੀ ਇਸ ਸ਼ਾਨਦਾਰ ਜਿੱਤ ਮਗਰੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਿੱਖਾਂ ਨੂੰ ਇੱਕ ਬਹੁਤ ਵੱਡੀ ਸੱਟ ਸਹਿਣੀ ਪਈ। ਇੰਨੀ ਵੱਡੀ ਕਿ ਬੰਦਾ ਸਿੰਘ ਬਹਾਦਰ ਦੀ ਮੌਤ ਮਗਰੋਂ ਇਹੋ ਜਿਹੀ ਸੱਟ ਉਨ੍ਹਾਂ ਨੂੰ ਕਦੀ ਨਹੀਂ ਸੀ ਵੱਜੀ (ਹਿਸਟਰੀ ਆਫ਼ ਦੀ ਸਿੱਖਸ-1, ਸਫਾ 163)ਹਾਲ ਦੀ ਘੜੀ ਤਾਂ ਸਾਰਾ ਪੰਜਾਬ ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ। ਕਿਤੇ-ਕਿਤੇ ਕਿਸੇ ਟੁਕੜੇ ਵਿੱਚ ਅਫ਼ਗਾਨੀ ਹਕੂਮਤ ਦੇ ਆਸਾਰ ਮਿਲਦੇ ਸਨ।




**ਸੁਰਿੰਦਰ ਸਿੰਘ ਜੋਹਰ**

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੯੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੯੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੯੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।


# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar